Fair Advice Financial | Carle Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

MORTGAGE ALLIANCE
Get Pre-Qualified in Minutes*
Mortgagealliance.com/ParminderMangat
Parminder Mangat
Mortgage Agent | Lic#10530
647-285-9119
pmangat@mortgagealliance.com
*Conditions Apply
20 Maritime Blvd. Unit #11, Brampton, L6SOC2

Vol 17 * Issue 209 | Daily Newspaper Thursday, November 01, 2018 | Tel: 905-793-2202 | Fax: 905-793-2282 | news@punjabipost.ca

# ਟੋਰੀਜ਼ ਨਾਲ ਰੰਜਿਸ਼ ਕਾਰਨ ਬ੍ਰਾਊਨ ਨੂੰ ਸਹਿਣਾ ਪੈ ਰਿਹਾ ਹੈ ਨੁਕਸਾਨ ?



ਓਨਟਾਰੀਓ, 31 ਅਕਤੂਬਰ (ਪੋਸਟ ਬਿਊਰੋ) : ਇਹ ਗੱਲ ਕਿਸੇ ਤੋਂ ਗੁੱਝੀ ਨਹੀਂ ਹੈ ਕਿ ਪੈਟਰਿਕ ਬ੍ਰਾਊਨ ਤੇ ਓਨਟਾਰੀਓ ਦੀ ਸੱਤਾਧਾਰੀ ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਦੋਸਤ ਨਹੀਂ ਹਨ।

ਬਰੈਂਪਟਨ ਦੇ ਮੇਅਰ ਚੁਣੇ ਗਏ ਬ੍ਰਾਊਨ ਜਨਵਰੀ ਦੇ ਅੰਤ ਵਿੱਚ ਜਿਨਸੀ ਸ਼ੋਸ਼ਣ ਦਾ ਦੋਸ਼ ਲੱਗਣ ਤੋਂ ਬਾਅਦ ਅਹੁਦਾ ਛੱਡਣ ਤੋਂ ਪਹਿਲਾਂ ਪਾਰਟੀ ਆਗੂ ਸਨ। ਇਨ੍ਹਾਂ ਦੋਸ਼ਾਂ ਤੋਂ ਬ੍ਰਾਊਨ ਵੱਲੋਂ ਇਨਕਾਰ ਕੀਤਾ ਗਿਆ ਸੀ ਤੇ ਇਸ ਸਬੰਧ ਵਿੱਚ ਸ਼ੁਰੂਆਤੀ ਰਿਪੋਰਟ ਦੇਣ ਉੱਤੇ ਉਨ੍ਹਾਂ ਵੱਲੋਂ ਸੀਟੀਵੀ ਨਿਊਜ਼ ਉੱਤੇ ਮਾਨਹਾਨੀ ਦਾ ਕੇਸ ਵੀ ਕੀਤਾ ਗਿਆ। ਬਾਅਦ ਵਿੱਚ ਉਨ੍ਹਾਂ ਨੂੰ ਪੀਸੀ ਕਾਕਸ ਵਿੱਚੋਂ ਵੀ ਬਾਹਰ ਕਰ ਦਿੱਤਾ ਗਿਆ ਤੇ ਪਾਰਟੀ ਨਾਲੋਂ ਉਨ੍ਹਾਂ ਦੇ ਸਾਰੀ ਤਰ੍ਹਾਂ ਦੇ ਸਬੰਧ ਖਤਮ ਕਰ ਦਿੱਤੇ ਗਏ। ਉਨ੍ਹਾਂ ਦੀ ਥਾਂ ਡੱਗ ਫੋਰਡ ਨੇ ਲਈ ਜੋ ਕਿ ਹੁਣ ਓਨਟਾਰੀਓ ਦੇ ਪ੍ਰੀਮੀਅਰ ਹਨ। ਇੱਕ ਇੰਟਰਵਿਊ ਵਿੱਚ ਬ੍ਰਾਊਨ ਨੇ ਟੋਰਾਂਟੋ ਦੀ ਗੇਅ ਪ੍ਰਾਈਡ ਪਰੇਡ ਵਿੱਚ ਆਪਣੀ ਸ਼ਮੂਲੀਅਤ, ਵਾਤਾਵਰਣ ਵਿੱਚ ਹੋ ਰਹੀਆਂ ਤਬਦੀਲੀਆਂ ਸਬੰਧੀ ਕੀਤੀ ਜਾਣ ਵਾਲੀ ਕਾਰਵਾਈ ਦਾ ਸਮਰਥਨ ਤੇ ਇਸਲਾਮੋਫੋਬੀਆ ਖਿਲਾਫ ਆਪਣੇ ਸਟੈਂਡ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਆਖਿਆ ਕਿ ਆਪਣੀ ਹੀ ਪਾਰਟੀ ਵਿੱਚ ਉਨ੍ਹਾਂ ਕਦੇ ਵੀ ਕੱਟੜ ਸੱਜੇ ਪੱਖੀਆਂ ਦਾ ਸਾਥ ਨਹੀਂ ਦਿੱਤਾ। ਲੋੜ ਪੈਣ ਉੱਤੇ ਉਨ੍ਹਾਂ ਅਜਿਹੇ ਸਟੈਂਡ ਵੀ ਲਏ ਜਿਨ੍ਹਾਂ ਦੀ ਪ੍ਰੋਗਰੈਸਿਵ ਕੰਜ਼ਰਵੇਟਿਵਾਂ ਤੋਂ ਉਮੀਦ ਨਹੀਂ ਕੀਤੀ ਜਾ ਸਕਦੀ।

ਉਨ੍ਹਾਂ ਆਖਿਆ ਕਿ ਇਸ ਕਾਰਨ ਪਾਰਟੀ ਵਿੱਚ ਉਨ੍ਹਾਂ ਦੇ ਕਈ ਦੁਸ਼ਮਣ ਵੀ ਬਣ ਗਏ। ..ਬਾਕੀ ਪੰਨਾ 6 'ਤੇ

# ਕਰਮਜੀਤ ਸੁੰਨੜ ਤੇ ਪਵਨਦੀਪ ਸੁੰਨੜ ਨੇ ਵਿਆਹ ਦੀ 15ਵੀਂ ਵਰ੍ਹੇਗੰਢ ਮਨਾਈ



ਕੱਲ੍ਹ ਪਾਪੂਲਰ ਟਾਇਰ ਤੋਂ ਕਰਮਜੀਤ ਸਿੰਘ ਸੁੰਨੜ ਤੇ ਪਵਨਦੀਪ ਕੌਰ ਸੁੰਨੜ ਵਲੋਂ ਆਪਣੀ ਵਿਆਹ ਦੀ 15ਵੀਂ ਵਰ੍ਹੇਗੰਢ ਮਨਾਈ ਗਈ। ਇਸ ਮੌਕੇ ਸਮੂਹ ਸੁੰਨੜ ਪਰਿਵਾਰ ਤੇ ਪਾਪੂਲਰ ਟਾਇਰ ਦੀ ਪੂਰੀ ਟੀਮ ਦਲਜੀਤ ਸਿੰਘ ਸਹੋਤਾ, ਬਲਵੰਤ ਸਿੰਘ ਸੰਧੂ ਤੇ ਇਸਦੇ ਨਾਲ-ਨਾਲ ਵੱਖ-ਵੱਖ ਖੇਡ ਕਲੱਬਾਂ ਦੇ ਸੰਚਾਲਕ, ਦੋਸਤ ਮਿੱਤਰ, ਬੰਤ ਨਿੱਜਰ, ਮੇਜਰ ਨੱਤ, ਰਣਜੀਤ ਤੂਰ, ਜਗਦੀਸ਼ ਗਰੇਵਾਲ, ਅਮਰਜੀਤ ਰਾਏ, ਜਗਦੀਸ਼ ਦਿਓ, ਜੀਤਾ ਨੱਤ, ਗੋਲਡੀ ਕਾਹਲੋਂ, ਤੋਚੀ ਮੰਡ, ਜਰਨੈਲ ਮੰਡ ਤੇ ਹੋਰ ਸਾਥੀਆਂ ਵੱਲੋਂ ਵੀ ਉਨ੍ਹਾਂ ਨੂੰ ਮੁਬਾਰਕਵਾਦ ਦਿੱਤੀ ਗਈ।

# ਜੀਨ ਕ੍ਰੈਚੀਅਨ ਦੀ "ਮਾਈ ਸਟੋਰੀਜ਼, ਮਾਈ ਟਾਈਮਜ਼" ਕਿਤਾਬ ਦੀ ਹੋਈ ਕੁੰਢ ਚੁਕਾਈ

## ਗੁਰਬਖਸ਼ ਮੱਲ੍ਹੀ ਵੀ ਇਸ ਮੌਕੇ ਉਚੇਚੇ ਤੌਰ ਉੱਤੇ ਪਹੁੰਚੇ



ਓਟਵਾ, 31 ਅਕਤੂਬਰ (ਪੋਸਟ ਬਿਊਰੋ) : ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਦੀ ਬੱਕੜਵਾਹ ਸੁਣਨ ਦੀ ਥਾਂ ਸਾਬਕਾ ਲਿਬਰਲ ਪ੍ਰਧਾਨ ਮੰਤਰੀ ਜੀਨ ਕ੍ਰੈਚੀਅਨ ਨੇ ਆਪਣੀਆਂ ਯਾਦਾਂ ਨੂੰ ਕਿਤਾਬ ਦਾ ਰੂਪ ਦੇਣ ਦਾ ਫੈਸਲਾ ਕੀਤਾ ਤੇ ਉਨ੍ਹਾਂ ਇਸ ਨੂੰ ਮਾਈ ਸਟੋਰੀਜ਼, ਮਾਈ ਟਾਈਮਜ਼ ਕਿਤਾਬ ਦੇ ਰੂਪ ਵਿਚ ਆਪਣੇ ਚਹੇਤਿਆਂ ਸਾਹਮਣੇ ਲਿਆਂਦਾ ਵੀ ਹੈ। ਬੀਤੇ ਦਿਨੀਂ ਓਟਵਾ ਵਿਚ ਆਪਣੀ ਕਿਤਾਬ ਦੀ ਕੁੰਢ ਚੁਕਾਈ ਮੌਕੇ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਕ੍ਰੈਚੀਅਨ ਨੇ ਆਖਿਆ ਕਿ ਉਹ ਕੋਈ ਲੇਖਕ ਨਹੀਂ ਹਨ ...ਬਾਕੀ ਪੰਨਾ 3 'ਤੇ

# ਦੀਵਾਲੀ ਸਮਾਰੋਹ 'ਚ ਸਵਾਮੀ ਆਨੰਦ ਗਿਰੀ ਜੀ ਨੇ ਕੀਤੀ ਸ਼ਿਰਕਤ



ਪੀਰੀਮੀਅਰ ਡੱਗ ਫੋਰਡ ਨਾਲ ਸਵਾਮੀ ਜੀ।

ਓਨਟਾਰੀਓ, 31 ਅਕਤੂਬਰ (ਪੋਸਟ ਬਿਊਰੋ) : ਬੀਤੇ ਦਿਨੀਂ ਓਨਟਾਰੀਓ ਦੀ ਪਾਰਲੀਆਮੈਂਟ ਕੁਈਨਜ਼ ਪਾਰਕ ਅਤੇ ਕੈਨੇਡਾ ਦੀ ਰਾਜਧਾਨੀ ਓਟਵਾ ਵਿਖੇ ਪਾਰਲੀਆਮੈਂਟ ਵਿੱਚ ਮਨਾਏ ਗਏ ਦੀਵਾਲੀ ਸਮਾਰੋਹ ਵਿੱਚ ਸਵਾਮੀ ਆਨੰਦ ਗਿਰੀ ਜੀ ਮੁੱਖ ਮਹਿਮਾਨ ਵਜੋਂ ਪਹੁੰਚੇ।

ਸਵਾਮੀ ਜੀ ਨੇ ਦੋਵਾਂ ਪਾਰਲੀਆਮੈਂਟਾਂ ਵਿੱਚ ਦੀਵਾਲੀ ਮਨਾਉਣ ਆਏ ਸਮੂਹ ਮੈਂਬਰਾਂ ਨੂੰ ਸੰਬੋਧਨ ਕੀਤਾ। ਇਸ ਮੌਕੇ ਵੱਖ ਵੱਖ ਸਿਆਸੀ ਆਗੂਆਂ ਨੇ ਉਨ੍ਹਾਂ ਦਾ ਸਵਾਗਤ ਕੀਤਾ ਤੇ ਉਨ੍ਹਾਂ ਤੋਂ ਗਿਆਨ ਹਾਸਲ ਕੀਤਾ। ਜ਼ਿਕਰਯੋਗ ਹੈ ਕਿ ਸਵਾਮੀ ਆਨੰਦ ਗਿਰੀ ਜੀ ਰੂਹਾਨੀ ਆਗੂ ਹਨ ਤੇ ਉਹ ਸਮਾਜ ਦੀ ਸੇਵਾ ਕਰਨ ਤੇ ਆਪਣੇ ਕੰਮ ਤੇ ਗਿਆਨ ਨਾਲ ਲੋਕਾਂ ਨੂੰ ਪ੍ਰੇਰਿਤ ਕਰਨ ਪ੍ਰਤੀ ਸਮਰਪਿਤ ਹਨ। ਦੋਸਤ, ਫਿਲਾਸਫਰ ਤੇ ਗਾਈਡ ਵਜੋਂ ਉਨ੍ਹਾਂ ਆਪਣੇ ਪੈਰੋਕਾਰਾਂ ਨੂੰ ਹਮੇਸ਼ਾਂ ਵੈਦਿਕ ਸਿੱਖਿਆ ਹੀ ਦਿੱਤੀ ਹੈ ਤੇ ਉਨ੍ਹਾਂ ਦਾ ਰਾਹ ਰੁਸ਼ਨਾਇਆ ਹੈ।

..ਬਾਕੀ ਪੰਨਾ 6 'ਤੇ

ਕੀ ਤੁਸੀ ਕਾਕਰੋਚ, ਚੂੱਹੇ, ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋ ਤੇ ਬੈਡ ਬੱਗਾਂ ਨੇ ਤੁਹਾਡੀ ਰਾਤਾਂ ਦੀ ਨਿੰਦ੍ਹ ਖਰਾਬ ਕੀਤੀ ਹੋਈ ਹੈ?
ਟਰੀਟਮੈਂਟ ਕਰਵਾਈ ਸੀ ਪਰ ਬਣੀ ਨੀ ਗੱਲ? ਤਾਂ ਘਬਰਾਓ ਨਾ ਟਰਾਂਟੋ ਪੈਸਟ ਅਰੈਸਟ ਵਾਲੇ ਕਰਨਗੇ ਪੱਕਾ ਹਲ !
Toronto Pest Arrest
Pest Control Services
Residential /Commercial/Industrial
ਕਾਲ ਕਰੋ: 647-515-8000
ਘੱਟ ਕੀਮਤ ਦੀ ਨਹੀ, ਪਰ ਸਿੱਕੇ ਬੰਦ ਕੰਮ ਦੀ ਗਰੰਟੀ ਹੈ
*Insured & Licensed

JOSHI LAW OFFICE
Barrister, Solicitor & Notary Public
E-mail : info@joshilawoffice.com
Immigration
Real Estate / Commercial Law
Affidavit / Power of Attorney
416-213-8600
Rakesh M. Joshi B.A., LL.B.
6921 Steels Ave. W. Unit 11, Etobicoke, ON

INSURANCE
HOME | AUTO
BUSINESS | TRUCKING
R.E.S.P | COMMERCIAL
CONNEX
Tel: 647-206-2452
Sukhwinder K Singh
7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
Manwinder Mangat
416-845-1352
1332 Khalsa Dr, Unit # 11, Mississauga | Aaxel Insurance Brokers Ltd.

HELPING YOUR PLAN TODAY......FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovarid Dr. W. Brampton,ON,L6X0T9

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
4515 Ebenezer Rd, Suite 211, Brampton, Ontario L6P2K7
Aman Sharma
Open Saturday
Providing excellent quality legal services to our clients

GOEL TRAVEL
Low Rates
Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ
ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.7500
900 Raylawson Blvd. Unit # 6, Brampton

INSURANCE
Punjab Insurance Inc
Life / Disability / Critical Illness
Super Visa / Visitor / Travel /
RRSP / RESP /
SHEVINDER SIDHU Insurance Advisor
416-557-8080
shevindersidhu@gmail.com
10-7003 Steeles Ave. West, Etobicoke

FREE Examination 5yrs follow you up
Help!
ਬਵਾਸੀਰ ਤੋਂ ਛੁਟਕਾਰਾ ਪਾਓ
Effective Treatments: Anal Eczema, Colities, Neurodermatitis, Eczema, Chloasma, Psoriasis, Herpes, Rosacea, Vitiligo, Acne & other common diseases
HEMORRHOIDS FISTULAS FISSURES
Company Insurance Accepted
NAITCM Applying Zhang's Herbal Formulas & Technics
N.A.I. TCM TREATMENT CENTRE
905 812 7778 www.naitcm.com
6655 Kitimat Rd. Suite 13, Mississauga, ON. L5N 6J4

ਕੰਮ - ਕੰਮ - ਕੰਮ
ਇੱਕ ਕੰਪਣੀ ਨੂੰ ਕੰਮ ਵਾਸਤੇ ਲੜਕੇ-ਲੜਕੀਆਂ ਦੀ ਜ਼ਰੂਰਤ ਹੈ, Basic computer ਦੀ knowledge ਹੋਵੇ.
Contact: 416-302-3600

Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

ਕੀ ਤੁਸੀ ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੌ?
MICE, COCKROACH, BEDBUG & ALL COMMON BUGS
All Pest Control
AFFORDABLE & RELIABLE PEST CONTROL SERVICES
ਅੱਜ ਹੀ ਕਾਲ ਕਰੋ
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator
647.990.3205

MANN LAW FIRM
Real Estate Law | Business Law
Wills & Estates | Family Law
Power of Attorney | Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

SUPER VISA INSURANCE
VISITOR VISA INSURANCE
TRAVEL INSURANCE
STUDENT INSURANCE
NEW IMMIGRANT 90 DAYS MED. INSURANCE
Punjab Insurance Inc
www.punjabinsurance.ca
Sherjang Singh Rana 416-910-9000 rana@punjabinsurance.ca
10-7003 Steeles Ave West, Etobicoke, ON M9W 0A2
Harpreet Rana 416-871-3571 harpreetrana@punjabinsurance.ca

PROTECT YOUR HOME FROM PESTS
Low Rates/Excellent Pest Control Services
100% Success rate for bed bug Treatment
Free Home Inspection; Call Today
Bed Bug Control
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Advice you can bank on.
Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Royal Pest Control
Residential Commercial Industrial
Specialist in Bedbugs Service
All Pest Control :
Mouse & Rats | Spiders & Fleas | Bedbugs | Wasps
Cockroaches | Carpenter Ants | Silver Fish | Racoons
Call : PARESH PATEL (Government Approved Licensed Technician)
416 938 4598

KELLEY LAW OFFICE
AREA OF PRACTICE
Immigration | Real Estate
Family Law | Business Closing
Corporate | Wills & Estate
Power of Attorney/Affidavit / Attestations
SHINDER KELLEY Barrister, Solicitor & Notary Public
PH. : 905-362-0755
www.kelleylawoffice.ca
1200 Derry Road East Unit #15, Mississauga, ON L5T 0B3
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ ।

ARISTO PEST CONTROL
RESIDENTIAL COMMERCIAL INDUSTRIAL
Expert in Bedbug & Cockroach Removal
100% removal of all pests written Guarantee
Protect yourself & your family from the Pests
Ants, Bees, Bed Bugs, Beetles, Racoons, Cockroaches, Centipedes, Flea, Hornets, Squirrel, Rats & Mice, Silverfish, Spiders
Sanket (Govt Licensed Exterminator) 647-339-3926
UNMARKED VEHICLE AVAILABLE
Email: aristopest@gmail.com
www.aristopestcontrol.com

ਮੂੰਹੋ ਬੋਲਦੀ ਦੀ Kitchen and Washroom ਬਣਵਾਓ

**Pearson**
**Kitchen & Cabinet**

Free Estimate
We Specialize in granite, quartz & marble countertops





We Specialize In:
100% Satisfaction On Time

- Kitchen Cabinets, Pantries & Floor tiles
- All Types of Range Hoods (etc.Heavy Duty, Noiseless)
- Installation of Washroom Vanities, Showers and bathroom tiles
- Many Counter-top options to choose from (Granite, Marble, Quartz; etc.)
- Custom Office Counters & Bar Installation
- We install all kinds of tiles and hardwood floor

ਬਹੁਤ ਘੱਟ ਰੇਟ ਤੇ ਸਮੇਂ ਸਿਰ ਕੰਮ
Call Vikramjit Sangha: 416-200-0931

Special Discount for Contractors | Buy Direct From The Factory

271 - Glidden Rd. Unit#5, Brampton (Kennedy&Glidden)

**SherGill Law Firm**
*Barrister, Solicitor & Notary Public*

*Services:*

- *Real Estate*
- *Residential, Commercial, Franchise*
- *Criminal Law*
- *Family Law*
- *Affidavit, Power Of Attorney & Notarization*
- *Immigration Matters*

**Paramjit Singh Gill** (MBA,LL.B.)
Phone : 905-790-3636



Emergency Contact:
416.910.5676
www.shergilllawfirm.ca

2565 Steeles Ave E Unit #20,
Brampton, ON L6T 4L6

ੴ ਸਤਿਗੁਰ ਪ੍ਰਸਾਦਿ
ਗੁਰੂਦੁਆਰਾ ਸਿੱਖ ਸਪਿਰਚੂਅਲ ਸੈਂਟਰ, ਰੈਕਸਡੇਲ

# ਬਰਸੀ ਸਮਾਗਮ

## ਧੰਨ ਧੰਨ ਬਾਬਾ ਜਵਾਲਾ ਸਿੰਘ ਜੀ ਹਰਖੋਵਾਲ ਵਾਲੇ

ਸਮੂਹ ਸਾਧ ਸੰਗਤ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਹੁਸ਼ਿਆਰਪੁਰ ਦੀ ਸਮੂਹ ਸਾਧ ਸੰਗਤ ਵਲੋਂ ਬਾਬਾ ਜਵਾਲਾ ਸਿੰਘ ਜੀ ਹਰਖੋਵਾਲ ਵਾਲਿਆਂ ਦੇ ਬਰਸੀ ਸਮਾਗਮ ਕਰਵਾਏ ਜਾ ਰਹੇ ਹਨ। ਇਹ ਬਰਸੀ ਸਮਾਗਮ ਸਿੱਖ ਸਪਿਰਚੂਅਲ ਸੈਂਟਰ ਰੈਕਸਡੇਲ ਵਿਖੇ ਹੋਣਗੇ। ਜਿਸ ਦੇ ਸੰਦਰਭ ਵਿੱਚ 16 ਨਵੰਬਰ ਦਿਨ ਸ਼ੁੱਕਰਵਾਰ ਨੂੰ ਸਵੇਰੇ 10 ਵਜੇ ਸ੍ਰੀ ਆਖੰਡ ਪਾਠ ਸਾਹਿਬ ਆਰੰਭ ਹੋਣਗੇ ਅਤੇ 18 ਨਵੰਬਰ ਦਿਨ ਐਤਵਾਰ ਸਵੇਰੇ 10 ਵਜੇ ਭੋਗ ਪੈਣਗੇ, ਉਪਰੰਤ ਦਰਬਾਰ ਸਜਾਏ ਜਾਣਗੇ, ਗੁਰੂ ਕਾ ਲੰਗਰ ਅਟੁੱਟ ਵਰਤਾਇਆ ਜਾਵੇਗਾ।



ਸਮੂਹ ਹੁਸ਼ਿਆਰਪੁਰ ਇਲਾਕਾ ਨਿਵਾਸੀਆਂ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਜਾਦੀ ਹੈ ਕਿ ਇਸ ਸਮਾਗਮ ਵਿੱਚ ਹੁੰਮ ਹੁਮਾ ਕੇ ਪਹੁੰਚੋ ਜੀ

**9 Carrier Drive Toronto, ON M9V 4B2**

ਜਿਆਦਾ ਜਾਣਕਾਰੀ ਲਈ ਰਾਜੀਵ ਸਿੰਘ 647 280 6041
ਸੁਰਿੰਦਰ ਸਿੰਘ ਗਿੱਲ 416 677 4455
ਮਹਿੰਦਰ ਸਿੰਘ ਜੱਜ 647 296 4851 ਤੇ ਸੰਪਰਕ ਕਰੋ

chatr MOBILE

NOW GET
~~4GB~~ 5GB DATA
ON OUR $45/MO. PLAN
AUTO-PAY BONUS

LET'S GET GOING
CHATRMOBILE.COM

VISIT OUR LOCATION TODAY!

379 MAIN ST. N., BRAMPTON, (905) 451-0379 | 2456 LAKE SHORE BLVD W., (416) 259-3654

chatr AUTHORIZED DEALER

Offer available to new and existing pre-paid customers signing up for the auto-pay plan above and to existing auto-pay customers on the plan above who upgrade to the auto-pay bonus (data bonus will be valid from the next anniversary date). Limited time offer. Subject to change without notice. Once you reach your 3G speed data allotment, your data speed will be reduced until your next anniversary date. Taxes extra. © 2018

## ਅੱਜ ਨਾਮਾ

ਭਰਾ ਮੋਦੀ ਦਾ ਗੱਲ ਨਹੀਂ ਗੋਲ ਕਹਿੰਦਾ,
ਸਰਕਾਰ ਵੱਲ ਨੂੰ ਉਂਗਲ ਉਠਾਏ ਬੇਲੀ।
ਹੱਟੀਆਂ ਵਾਲਿਆਂ ਦੇ ਸਦਾ ਨਾਲ ਆਉਂਦਾ,
ਧਰਨਾ ਲਾਉਂਦਾ ਤੇ ਨੁਕਸ ਗਿਣਾਏ ਬੇਲੀ।
ਬਹੁਤਾ ਯੂ ਪੀ ਸਰਕਾਰ ਦੇ ਪਿਆ ਪਿੱਛੇ,
ਯੋਗੀ ਰਾਜ ਨੂੰ ਭਾਜੜ ਉਹ ਪਾਏ ਬੇਲੀ।
ਭ੍ਰਿਸ਼ਟਾਚਾਰ ਦੀ ਆਖੇ ਕਿ ਹੱਦ ਹੋ ਗਈ,
ਮਰਦਾ ਨਾਗਰਿਕ ਤਾਂ ਕੌਣ ਬਚਾਏ ਬੇਲੀ।
ਬਾਹਰੋਂ ਭੜਕੇ ਕੋਈ ਏਸ ਸਰਕਾਰ ਬਾਰੇ,
ਮੋਦੀ ਕਹਿੰਦਾ ਇਹ ਕੂੜ ਪਰਚਾਰ ਬੇਲੀ।
ਘਰ ਦਾ ਭੇਤੀ ਜੇ ਪਿਆ ਨਕਾਬ ਲਾਹੁੰਦਾ,
ਉਸ ਦੀ ਹੁੱਝ ਦੀ ਡਾਢੀ ਆ ਮਾਰ ਬੇਲੀ।

ਤੀਸ ਮਾਰ ਖਾਂ

# ਵਾਅਨ ਵਿੱਚ ਕਈ ਗੱਡੀਆਂ ਆਪਸ ਵਿੱਚ ਟਕਰਾਈਆਂ, 2 ਹਲਾਕ

ਵਾਅਨ, 31 ਅਕਤੂਬਰ (ਪੋਸਟ ਬਿਊਰੋ) : ਵਾਅਨ ਵਿੱਚ ਹਾਈਵੇਅ ਉੱਤੇ ਕਈ ਗੱਡੀਆਂ ਦੀ ਆਪਸ ਵਿੱਚ ਹੋਈ ਟੱਕਰ ਕਾਰਨ ਦੋ ਵਿਅਕਤੀ ਮਾਰੇ ਗਏ।
ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ ਦਾ ਕਹਿਣਾ ਹੈ ਕਿ ਡਫਰਿਨ ਤੇ ਕੈਲੇ ਸਟਰੀਟਸ ਦਰਮਿਆਨ ਹਾਈਵੇਅ 407 ਉੱਤੇ ਹੋਏ ਇਸ ਹਾਦਸੇ ਦੀ ਖਬਰ ਮਿਲਦੇ ਸਾਰ ਹੀ ਉਹ ਉੱਥੇ ਪਹੁੰਚੇ। ਓਪੀਪੀ ਵੱਲੋਂ ਇਸ ਗੱਲ ਦੀ ਪੁਸ਼ਟੀ ਨਹੀਂ ਕੀਤੀ ਗਈ ਹੈ ਕਿ ਹਾਦਸੇ ਵਿੱਚ ਕਿੰਨੀਆਂ ਗੱਡੀਆਂ ਆਪਸ ਵਿੱਚ ਟਕਰਾਈਆਂ ਪਰ ਓਪੀਪੀ ਦੇ ਬੁਲਾਰੇ ਕੈਰੀ ਸ਼ਮਿਡਟ ਨੇ ਦੱਸਿਆ ਕਿ ਇਨ੍ਹਾਂ ਗੱਡੀਆਂ ਵਿੱਚ ਇੱਕ ਫਿਊਲ ਟੈਂਕਰ ਟਰੱਕ ਸ਼ਾਮਲ ਸੀ।
ਓਪੀਪੀ ਸਟਾਫ ਸਾਰਜੈਂਟ ਕੈਰੋਲ ਡਿਓਨੇ ਨੇ ਆਖਿਆ ਕਿ ਜਦੋਂ ਫਿਊਲ ਲਿਜਾਣ ਵਾਲੀਆਂ ਗੱਡੀਆਂ ਕਿਸੇ ਹਾਦਸੇ ਵਿੱਚ ਸ਼ਾਮਲ ਹੋਣ ਤਾਂ ਉਹ ਖਤਰਨਾਕ ਸਥਿਤੀ ਹੋ ਜਾਂਦੀ ਹੈ। ਅਜਿਹੇ ਮੌਕੇ ਅੱਗ ਲੱਗਣ ਦੀ ਸੰਭਾਵਨਾ ਵੱਧ ਜਾਂਦੀ ਹੈ। ਯੌਰਕ ਪੈਰਾਮੈਡਿਕਸ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਸ਼ਾਮੀਂ 4:56 ਉੱਤੇ ਕਾਲ ਹਾਸਲ ਹੋਈ ਤੇ ਉਹ ਮੌਕੇ ਉੱਤੇ ਆਪਣੇ ਅਮਲੇ ਨੂੰ ਲੈ ਕੇ ਪਹੁੰਚੇ। ਬੁਲਾਰੇ ਗੈਰੀ ਫਾਈਨਬਰਗ ਨੇ ਦੱਸਿਆ ਕਿ ਮੌਕੇ ਉੱਤੇ ਹੀ ਦੋ ਵਿਅਕਤੀਆਂ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਪੈਰਾਮੈਡਿਕਸ ਨੇ ਦੱਸਿਆ ਕਿ ਉਹ ਕਿਸੇ ਹੋਰ ਵਿਅਕਤੀ ਨੂੰ ਹਸਪਤਾਲ ਨਹੀਂ ਲੈ ਕੇ ਗਏ।



ਸ਼ਮਿਡਟ ਨੇ ਦੱਸਿਆ ਕਿ ਹਾਦਸਾ ਐਨਾ ਜ਼ਬਰਦਸਤ ਸੀ ਕਿ ਗੱਡੀਆਂ ਪੱਛਮ ਵਾਲੀ ਲੇਨ ਦੇ ਵਿਚਕਾਰਲੇ ਹਿੱਸੇ ਨੂੰ ਟੱਪ ਕੇ ਪੂਰਬ ਵਾਲੀ ਲੇਨ ਵਿੱਚ ਜਾ ਵੜੀਆਂ ਤੇ ਉੱਧਰੋਂ ਸਾਹਮਣੇ ਤੋਂ ਆ ਰਹੀਆਂ ਗੱਡੀਆਂ ਨਾਲ ਜਾ ਟਕਰਾਈਆਂ। ਹਾਦਸੇ ਕਾਰਨ ਹਾਈਵੇਅ ਉੱਤੇ ਅੱਗ ਵੀ ਲੱਗ ਗਈ ਤੇ ਕਾਫੀ ਨੁਕਸਾਨ ਵੀ ਹੋਇਆ। ਯੌਰਕ ਡਿਪਟੀ ਫਾਇਰ ਚੀਫ ਐਂਡਿਊ ਜ਼ਵਾਨੀਤਾਜਸ ਨੇ ਦੱਸਿਆ ਕਿ 6:30 ਵਜੇ ਦੇ ਨੇੜੇ ਤੇੜੇ ਅੱਗ ਉੱਤੇ ਕਾਬੂ ਪਾ ਲਿਆ ਗਿਆ ਸੀ। 30 ਦੇ ਨੇੜੇ ਤੇੜੇ ਫਾਇਰਫਾਈਟਰਜ਼ ਮੌਕੇ ਉੱਤੇ ਪਹੁੰਚ ਕੇ ਅੱਗ ਉੱਤੇ ਕਾਬੂ ਪਾਉਣ ਦੀ ਕੋਸ਼ਿਸ਼ ਕਰ ਰਹੇ ਸਨ।
ਉਨ੍ਹਾਂ ਆਖਿਆ ਕਿ ਫਿਊਲ ਵਾਲੇ ਟੈਂਕਰ ਵਿੱਚ ਹਾਈਡਰੋਕਾਰਬਨ ਤੋਂ ਇਲਾਵਾ ਕੋਈ ਹੋਰ ਫਿਊਲ ਸੀ ਇਸ ਬਾਰੇ ਪਤਾ ਨਹੀਂ ਲੱਗ ਸਕਿਆ। ਉਨ੍ਹਾਂ ਆਖਿਆ ਕਿ ਸੜਕਾਂ ਨੂੰ ਬੰਦ ਕਰ ਦਿੱਤਾ ਗਿਆ ਹੈ ਤੇ ਮਾਮਲੇ ਦੀ ਜਾਂਚ ਕੀਤੀ ਜਾਵੇਗੀ।

# ਕੈਲਗਰੀ 2026 ਓਲੰਪਿਕ ਬਿੱਡ ਲਈ ਫੰਡਾਂ ਸਬੰਧੀ ਫੈਡਰਲ, ਪ੍ਰੋਵਿੰਸ਼ੀਅਲ ਸਰਕਾਰਾਂ ਨਵੇਂ ਸਮਝੌਤੇ ਉੱਤੇ ਪਹੁੰਚੀਆਂ

ਕੈਲਗਰੀ, 31 ਅਕਤੂਬਰ (ਪੋਸਟ ਬਿਊਰੋ) : ਫੈਡਰਲ ਅਤੇ ਪ੍ਰੋਵਿੰਸ਼ੀਅਲ ਸਰਕਾਰਾਂ ਇਸ ਫੈਸਲੇ ਉੱਤੇ ਪਹੁੰਚੀਆਂ ਹਨ ਕਿ ਕੈਲਗਰੀ ਵਿੱਚ 2026 ਦੀਆਂ ਸਰਦ ਰੁੱਤ ਦੀਆਂ ਓਲੰਪਿਕ ਖੇਡਾਂ ਨੂੰ ਫੰਡ ਮੁਹੱਈਆ ਕਰਵਾਉਣ ਲਈ ਕੋਈ ਸਾਂਝਾ ਤੇ ਵੱਖਰਾ ਰਾਹ ਲੱਭਿਆ ਜਾਵੇਗਾ ਤੇ ਜਨਤਾ ਦੇ ਪੈਸੇ ਨੂੰ ਛੇੜਿਆ ਨਹੀਂ ਜਾਵੇਗਾ। ਇਹ ਵੀ ਉਸ ਸੂਰਤ ਵਿੱਚ ਸੰਭਵ ਹੋਵੇਗਾ ਜੇ ਇਸ ਮੁੱਦੇ ਉੱਤੇ ਹਿਚਕਿਚਾ ਰਹੀ ਸਿਟੀ ਕਾਊਂਸਲ ਇਸ ਸਮਝੌਤੇ ਉੱਤੇ ਸਾਈਨ ਕਰਨ ਲਈ ਰਾਜੀ ਹੁੰਦੀ ਹੈ।
ਮੰਗਲਵਾਰ ਨੂੰ ਸਵੇਰੇ 10:00 ਵਜੇ ਕੈਲਗਰੀ 2026 ਬਿੱਡ ਕਾਰਪੋਰੇਸ਼ਨ ਨੇ ਇਹ ਐਲਾਨ ਕੀਤਾ। ਇਸ ਵਿੱਚ ਇੱਕ ਚਿੱਠੀ ਵੀ ਸਾਮਲ ਹੈ ਜਿਸ ਵਿੱਚ ਆਖਿਆ ਗਿਆ ਹੈ ਕਿ 2.875 ਬਿਲੀਅਨ ਡਾਲਰ ਦੇ ਜਨਤਕ ਫੰਡ ਜੁਟਾ ਲਏ ਜਾਣਗੇ। ਇਸ ਉੱਤੇ ਅਲਬਰਟਾ ਦੀ ਪ੍ਰੀਮੀਅਰ ਰੇਚਲ ਨੌਟਲੇ, ਫੈਡਰਲ ਖੇਡ ਮੰਤਰੀ ਕ੍ਰਿਸਟੀ ਡੰਕਨ ਦੇ ਦਸਤਖਤ ਸਾਮਲ ਹਨ ਤੇ ਕੈਲਗਰੀ ਦੇ ਮੇਅਰ ਨਾਹੀਦ ਨੈਂਸੀ ਦੇ ਦਸਤਖਤਾਂ ਲਈ ਥਾਂ ਵੀ ਛੱਡੀ ਗਈ ਹੈ।



ਇਹ ਐਲਾਨ ਉਸੇ ਦਿਨ ਕੀਤਾ ਗਿਆ ਜਿਸ ਦਿਨ ਸਿਟੀ ਆਫ ਕੈਲਗਰੀ ਦੀ ਓਲੰਪਿਕ ਅਸੈੱਸਮੈਂਟ ਕਮੇਟੀ ਦੇ ਚੇਅਰ ਵੱਲੋਂ ਕਾਊਂਸਲ ਨੂੰ ਇਹ ਸਿਫਾਰਿਸ ਕੀਤੀ ਗਈ ਸੀ ਕਿ 2026 ਵਿੱਚ ਹੋਣ ਵਾਲੀਆਂ ਸਰਦ ਰੁੱਤ ਖੇਡਾਂ ਲਈ ਦਾਅਵੇਦਾਰੀ ਉਨ੍ਹਾਂ ਵੱਲੋਂ ਰੱਦ ਕੀਤੀ ਜਾਵੇ ਤੇ ਇਸ ਸਬੰਧੀ 13 ਨਵੰਬਰ ਦੇ ਸਡਿਊਲ ਨੂੰ ਵੀ ਖਤਮ ਕੀਤਾ ਜਾਵੇ। ਕੈਲਗਰੀ 2026 ਬਿੱਡ ਕਾਰ-ਪੋਰੇਸਨ ਦੇ ਬੋਰਡ ਚੇਅਰ ਸਕੌਟ ਹਚੇਸਨ ਨੇ ਈਮੇਲ ਵਿੱਚ ਆਖਿਆ ਕਿ ਇਹ ਅਜਿਹਾ ਪ੍ਰਸਤਾਵ ਹੈ ਜਿਸ ਦੀ ਕੋਈ ਤੁਕ ਬਣਦੀ ਹੈ ਤੇ ਇਹ ਕੈਲਗਰੀ ਵਾਸੀਆਂ ਲਈ ਚੰਗੀ ਡੀਲ ਵੀ ਹੈ। ਉਨ੍ਹਾਂ ਆਖਿਆ ਕਿ ਸਾਨੂੰ ਪੂਰਾ ਯਕੀਨ ਹੈ ਕਿ ਉਹ ਤੇ ਉਨ੍ਹਾਂ ਦੇ ਸਰਕਾਰੀ ਭਾਈਵਾਲ ਅੱਗੇ ਵੱਧਣ ਲਈ ਸਹਿਮਤ ਹੋ ਸਕਦੇ ਹਾਂ ਤੇ ਸਮਝੌਤੇ ਉੱਤੇ ਪਹੁੰਚਿਆ ਜਾ ਸਕਦਾ ਹੈ।
ਉਨ੍ਹਾਂ ਇਹ ਵੀ ਆਖਿਆ ਕਿ ਉਹ ਜਾਣਦੇ ਹਨ ਕਿ ਕੈਲਗਰੀ ਲਈ ਇਹ ਕਿੰਨੀ ਅਹਿਮੀਅਤ ਰੱਖਦਾ ਹੈ। ਉਨ੍ਹਾਂ ਆਖਿਆ ਕਿ ਉਨ੍ਹਾਂ ਨੂੰ ਇਹ ਵੀ ਅੰਦਾਜਾ ਹੈ ਕਿ ਕੀ ਕੁੱਝ ਦਾਅ ਉੱਤੇ ਲੱਗਿਆ ਹੋਇਆ ਹੈ, ਉਹ ਆਪਣੀ ਮਜਬੂਤ ਲੀਡਰਸਿਪ ਵੀ ਦਰਸਾਉਣਗੇ ਤੇ ਓਲੰਪਿਕ ਤੇ ਪੈਰਾਲੰਪਿਕ ਦੇ ਨਤੀਜਿਆਂ ਬਾਰੇ ਕੈਲਗਰੀ ਵਾਸੀਆਂ ਨੂੰ ਫੈਸਲਾ ਕਰਨ ਦੀ ਇਜਾਜਤ ਦੇਣਗੇ। ਜਿਕਰਯੋਗ ਹੈ ਕਿ ਕੈਲਗਰੀ 2026 ਓਲੰਪਿਕ ਬਿੱਡ ਕਾਰਪੋਰੇਸ਼ਨ ਦੇ ਨਵੇਂ ਅੰਦਾਜੇ ਮੁਤਾਬਕ ਸਰਦ ਰੁੱਤ ਖੇਡਾਂ ਉੱਤੇ 5.23 ਬਿਲੀਅਨ ਡਾਲਰ ਖਰਚਾ ਆਵੇਗਾ। ਇਸ ਵਿੱਚੋਂ 3 ਬਿਲੀਅਨ ਡਾਲਰ ਸਰਕਾਰਾਂ ਦੇ ਤਿੰਨਾਂ ਪੱਧਰਾਂ ਤੋਂ ਆਉਣਾ ਚਾਹੀਦਾ ਹੈ।

# ਕੁਫਰ ਦੇ ਦੋਸ਼ ਵਿੱਚ ਮੌਤ ਦੀ ਸਜ਼ਾ ਉਡੀਕਦੀ ਆਸੀਆ ਦੀ ਜਾਨ ਛੁੱਟੀ

ਇਸਲਾਮਾਬਾਦ, 31 ਅਕਤੂਬਰ, (ਪੋਸਟ ਬਿਊਰੋ)- ਪਾਕਿਸਤਾਨ ਸੁਪਰੀਮ ਕੋਰਟ ਨੇ ਅੱਜ ਮਿਸਾਲੀ ਫ਼ੈਸਲਾ ਕਰਦੇ ਹੋਏ ਕੁਫ਼ਰ ਤੋਲਣ (ਅੱਲ੍ਹਾ ਦੀ ਤੌਹੀਨ ਕਰਨ) ਦੇ ਕੇਸ ਵਿਚ ਨਾਮਜ਼ਦ ਇਕ ਈਸਾਈ ਔਰਤ ਨੂੰ ਛੱਡ ਦਿੱਤਾ ਹੈ। ਚਾਰ ਬੱਚਿਆਂ ਦੀ ਮਾਂ ਆਸੀਆ ਬੀਬੀ (47) ਨੂੰ ਸਾਲ 2010 ਵਿਚ ਇਸ ਕੇਸ ਵਿਚ ਦੋਸ਼ੀ ਠਹਿਰਾਇਆ ਗਿਆ ਸੀ। ਵਰਨਣ ਯੋਗ ਹੈ ਕਿ ਆਸੀਆ ਬੀਬੀ ਉੱਤੇ ਗੁਆਂਢੀਆ ਨਾਲ ਝਗੜੇ ਦੌਰਾਨ ਇਸਲਾਮ ਦੀ ਤੌਹੀਨ ਦੇ ਦੋਸ਼ ਲਾਏ ਗਏ ਸਨ। ਉਸ ਨੇ ਸਦਾ ਆਪਣੇ ਆਪ ਨੂੰ ਬੇਗੁਨਾਹ ਕਿਹਾ, ਫਿਰ ਵੀ ਕਰੀਬ ਅੱਠ ਸਾਲ ਉਸ ਨੂੰ ਏਕਾਂਤ ਦੀ ਜੇਲ੍ਹ ਬੰਦੀ ਵਜੋਂ ਕੱਟਣੇ ਪਏ। ਚੀਫ਼ ਜਸਟਿਸ ਸਾਕਿਬ ਨਿਸਾਰ ਦੀ ਅਗਵਾਈ ਹੇਠਲੇ ਤਿੰਨ ਮੈਂਬਰੀ ਬੈਂਚ ਨੇ ਫ਼ੈਸਲੇ ਬਾਰੇ ਤਿੰਨ ਹਫ਼ਤੇ ਪਹਿਲਾਂ ਹੀ ਸਹਿਮਤੀ ਕਰ ਲਈ ਸੀ, ਪਰ ਰੋਸ ਪ੍ਰਦਰਸ਼ਨਾਂ ਦੇ ਸ਼ੱਕ ਕਾਰਨ ਅੱਜ ਇਹ ਫ਼ੈਸਲਾ ਦਿੱਤਾ ਗਿਆ। ਕੋਰਟ ਨੇ ਕਿਹਾ ਕਿ ਆਸੀਆ ਬੀਬੀ ਦੇ ਖ਼ਿਲਾਫ਼ ਇਸਤਗਾਸਾ ਪੱਖ ਦੇ ਸਬੂਤ ਕਾਫ਼ੀ ਨਹੀਂ। ਚੀਫ਼ ਜਸਟਿਸ ਨੇ ਕਿਹਾ ਕਿ 'ਇਸਲਾਮ ਦਾ ਮੁੱਢਲਾ ਸਿਧਾਂਤ ਸਹਿਣਸ਼ੀਲਤਾ ਹੈ' ਤੇ ਬੀਬੀ ਸ਼ੇਖੂਪੁਰਾ ਜੇਲ੍ਹ ਤੋਂ ਇਸ ਫੈਸਲੇ ਦੇ ਬਾਅਦ ਆਪਣੇ ਘਰ ਜਾ ਸਕਦੀ ਹੈ।
ਅਦਾਲਤ ਦੇ ਇਸ ਫ਼ੈਸਲੇ ਤੋਂ ਬਾਅਦ ਪਾਕਿਸਤਾਨ ਦੇ ਕਈ ਹਿੱਸਿਆਂ ਵਿਚ ਰੋਸ ਮੁਜ਼ਾਹਰੇ ਸ਼ੁਰੂ ਕਰ ਦਿੱਤੇ ਗਏ ਹਨ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਕੱਟੜਪੰਥੀਆਂ ਨੂੰ ਚਿਤਾਵਨੀ ਦਿੱਤੀ ਹੈ ਉਹ ਇਸ ਬਾਰੇ ਸਰਕਾਰ ਨਾਲ ਮੱਥਾ ਨਾ ਲਾਉਣ। ਪਾਕਿਸਤਾਨ ਦੇ ਸਾਬਕਾ ਫ਼ੌਜ ਤਾਨਾਸ਼ਾਹ ਜ਼ਿਆ ਉਲ ਹੱਕ ਨੇ ਆਪਣੇ ਰਾਜ ਮੌਕੇ ਕੁਫਰ ਵਿਰੋਧੀ ਕਾਨੂੰਨ ਬਣਾਇਆ ਸੀ, ਜਿਸ ਵਿੱਚ ਮੌਤ ਦੀ ਸਜ਼ਾ ਤਕ ਦੀ ਤਜਵੀਜ਼ ਹੈ। ਇਸ ਕਾਨੂੰਨ ਹੇਠ ਫਾਂਸੀ ਦੀ ਸਜ਼ਾ ਹੇਠ ਆਈ ਆਸੀਆ ਬੀਬੀ ਪਹਿਲੀ ਔਰਤ ਸੀ। ਉਸ ਦਾ ਕੇਸ ਓਦੋਂ ਸੁਰਖ਼ੀਆਂ 'ਚ ਆਇਆ ਸੀ, ਜਦੋਂ ਪਾਕਿ 'ਚ ਪੰਜਾਬ ਸੂਬੇ ਦੇ ਸਾਬਕਾ ਗਵਰਨਰ ਸਲਮਾਨ ਤਾਸੀਰ ਨੇ ਉਨ੍ਹਾਂ ਦਾ ਸਮਰਥਨ ਕੀਤਾ ਅਤੇ ਇਸ ਕਾਨੂੰਨ ਦੀ ਨਿੰਦਾ ਕੀਤੀ ਸੀ। ਇਸ ਕਾਰਨ ਸਾਲ 2011 ਵਿਚ ਉਨ੍ਹਾਂ ਦੇ ਬਾਡੀਗਾਰਡ ਨੇ ਉਨ੍ਹਾਂ ਦੀ ਹੱਤਿਆ ਕਰ ਦਿੱਤੀ ਸੀ। ਅੱਜ ਵਾਲੇ ਅਦਾਲਤੀ ਫ਼ੈਸਲੇ ਦੇ ਤੁਰੰਤ ਮਗਰੋਂ ਪਾਕਿਸਤਾਨ ਦੀ ਇੱਕ ਕੱਟੜਪੰਥੀ ਪਾਰਟੀ ਦੇ ਮੁਖੀ ਮੁਹੰਮਦ ਅਫ਼ਜ਼ਲ ਕਾਦਰੀ ਨੇ ਇਕ ਫਰਮਾਨ ਜਾਰੀ ਕਰ ਕੇ ਕਿਹਾ ਕਿ ਆਸੀਆ ਨੂੰ ਛੱਡਣ ਦਾ ਹੁਕਮ ਦੇਣ ਵਾਲੇ ਤਿੰਨ ਜੱਜ ਮੌਤ ਦੇ ਹੱਕਦਾਰ ਹਨ। ਉਸ ਨੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੀ ਸਰਕਾਰ ਨੂੰ ਵੀ ਅਹੁਦੇ ਤੋਂ ਹਟਾਉਣ ਦੀ ਮੰਗ ਕੀਤੀ ਹੈ। ਇਹੋ ਨਹੀਂ, ਇਸਲਾਮਿਕ ਕੱਟੜਪੰਥੀ ਪਾਰਟੀ ਦੇ ਸਮਰਥਕਾਂ ਨੇ ਅੱਜ ਕਈ ਵੱਡੇ ਸ਼ਹਿਰਾਂ 'ਚ ਸੜਕਾਂ ਨੂੰ ਜਾਮ ਕਰ ਕੇ ਵਿਰੋਧ ਪ੍ਰਦਰਸ਼ਨ ਕੀਤਾ।


COLUMBUS TRUCK WASH
Open 7 Days
A/Z Drivers Needed
For Local Work (Busy All 7 Days a Week)
6771 COLUMBUS RD, UNIT #12
MISSISSAUGA ON (Near Dixie Gurughar)
905-672-1635

A1 HERBAL Ayurvedic Clinic
ਡਿਸਕ, ਮੋਚ, ਚੁੱਕ, ਧਰਨ, ਰੀਹ
● ਗਰਦਨ ਦਰਦ ● ਸਿਰਦਰਦ ● ਕਮਰ ਦਰਦ
● ਡਿਸਕ ਦਾ ਦਰਦ ● ਤੁਰਨ ਵੇਲੇ ਲੱਤਾਂ ਵਿੱਚ ਦਰਦ
● ਗੋਡਿਆਂ ਵਿੱਚ ਦਰਦ ਜਾਂ ਸੋਜ ● ਪੱਸਲੀਆਂ ਦਾ ਦਰਦ
● ਅੱਡੀਆਂ ਦਾ ਦਰਦ ● ਉੱਠ ਬੈਠ ਨਾ ਸਕਣਾ
ਗੱਠੀਆ ਦਾ ਪੱਕਾ ਹਰਬਲ ਇਲਾਜ
ਅਸੀਂ ਆਯੁਰਵੇਦਿਕ ਥੈਰਪੀ ਵੀ ਕਰਦੇ ਹਾਂ
ਜਿਵੇਂ ਸ਼ਿਰੋਧਾਰਾ, ਨੱਸਿਆ, ਨੇਤਰਵਸਤੀ
ਅਸੀਂ ਥੈਰਪੀ ਵਾਸਤੇ ਹਰ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
Herbalist G. Rubal RNCP
ਇੱਕ ਵਾਰ ਸੇਵਾ ਦਾ ਮੌਕਾ ਜਰੂਰ ਦਿਓ
www.A1HERBAL.ca
Ph# 905-874-3333
351 Parkhurst Sq, unit 11, Brampton ON L6T 0C2
Across from 747 Flea Market (Airport Rd & Steels Ave.)
Custom Orthotics ਲੈ ਸਕਦੇ ਹੋ

REXDALE FINANCIAL SERVICES
WE HELP YOU START, GROW AND SUCCEED
Call now 416-674-8035
Tired pf Paying High Interest ?
PAY OFF YOUR DEBITS
BANKS SAY NO? WE SAY YES !
Increase Your Cash Flow by Upto 50%
YOU NEED A MORTGAGE ? WE'LL ARRANGE IT FOR YOU NO MATTER WHAT YOUR REASON IS !
Take advantage of the low mortgage rates that are being offered & save thousand of dollars
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
BEHIND ON YOUR MORTGAGE PAYMENTS ?
SHOPPING FOR A BETTER INTEREST RATE?
MORTGAGES SUITABLE FOR EVERY NEED !
1st, 2nd and 3rd Mortgages Available !
ALL IN ONE LOW MONTHLY PAYMENT !
Do You Want To?
• Pay Off All Your Credit Cards/Loans At Once
• Consolidate Your 1st & 2nd Mortgages
• Finance Those Renovations That Your Family Always Wants
• Renew Your Mortgage For Lower Rates
SELF-EMPLOYED OR UN-EMPLOYED
Some Conditions Apply
NO CREDIT ANY CREDIT
Om Mehta # M08006224 416-791-8193
Jaspal Singh Gahunia # M08006400 416-677-0047
The Mortgage Centre
19 Woodbine Downs Blvd., Unit 201, Etobicoke, ON M9W 6N5


# ਫੂਡ ਬੈਂਕ ਨੇ ਫੋਰਡ ਸਰਕਾਰ ਨੂੰ ਭੁੱਖ ਦੇ ਸੰਕਟ ਨਾਲ ਨਜਿੱਠਣ ਦੀ ਕੀਤੀ ਅਰਜ਼ੋਈ

ਓਨਟਾਰੀਓ, 31 ਅਕਤੂਬਰ (ਪੋਸਟ ਬਿਊਰੋ) : ਟੈਰੀ ਕੌਲਿਨਜ਼ ਇੱਕ ਦਹਾਕੇ ਪਹਿਲਾਂ ਹੀ ਕ੍ਰੈਕ ਕੋਕੀਨ ਦੀ ਬੁਰੀ ਲਤ ਤੋਂ ਛੁਟਕਾਰਾ ਪਾ ਚੁੱਕਿਆ ਹੈ ਤੇ ਉਦੋਂ ਤੋਂ ਹੀ ਸਥਾਈ ਕੰਮ ਦੀ ਭਾਲ ਵਿੱਚ ਹੈ।
ਪਰ 52 ਸਾਲਾ ਕੌਲਿਨ ਨੇ ਆਖਿਆ ਕਿ ਕਈ ਸਾਲਾਂ ਦੀ ਨਸ਼ੇ ਦੀ ਲਤ ਕਾਰਨ ਉਸ ਦੇ ਕ੍ਰਿਮੀਨਲ ਰਿਕਾਰਡ, ਡਰਾਈਵਰ ਲਾਇਸੰਸ ਦੀ ਕਮੀ ਤੇ ਵਿਦਿਆਰਥੀ ਲੋਨ ਜਿਸ ਕਾਰਨ, ਉਹ ਆਪਣੇ ਹੁਨਰ ਨੂੰ ਨਿਖਾਰਨ ਲਈ ਉਹ ਵਾਪਿਸ ਕਾਲਜ ਵੀ ਨਹੀਂ ਜਾ ਸਕਦਾ। ਉਸ ਨੇ ਦੱਸਿਆ ਕਿ ਵੱਖ ਵੱਖ ਕਮਿਊਨਿਟੀ ਟਰੇਨਿੰਗ ਪ੍ਰੋਗਰਾਮਾਂ ਰਾਹੀਂ ਉਹ ਆਪਣੀ ਜ਼ਿੰਦਗੀ ਬਿਹਤਰ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਪਰ ਪੁਰਾਣੀਆਂ ਗਲਤੀਆਂ ਉਸ ਦਾ ਖਹਿੜਾ ਹੀ ਨਹੀਂ ਛੱਡ ਰਹੀਆਂ।
ਜੀਐਮ ਅਸੈਂਬਲੀ ਲਾਈਨ ਦੇ ਸਾਬਕਾ ਵਰਕਰ ਜੋ ਕਿ ਪਿਛਲੇ 20 ਸਾਲਾਂ ਤੋਂ ਕਦੇ ਵੈਲਫੇਅਰ ਲੈਂਦਾ ਹੈ ਤੇ ਕਦੇ ਨਹੀਂ ਅਤੇ ਆਪਣੀ ਦੋ ਵਕਤ ਦੀ ਰੋਟੀ ਲਈ ਫੂਡ ਬੈਂਕਜ਼ ਉੱਤੇ ਨਿਰਭਰ ਕਰਦਾ ਹੈ, ਸੋਸਲ ਸਰਵਿਸ ਮੰਤਰੀ ਲੀਜ਼ਾ ਮੈਕਲਿਓਡ ਦੇ ਸੋਸ਼ਲ ਅਸਿਸਟੈਂਸ ਨੂੰ ਮੁੜ ਨੰਵਿਆਏ ਜਾਣ ਦੇ ਉਪਰਾਲੇ ਦੇ ਨਤੀਜੇ ਦੀ ਇੰਤਜ਼ਾਰ ਕਰ ਰਿਹਾ ਹੈ, ਜੋ ਕਿ 8 ਨਵੰਬਰ ਨੂੰ ਆਉਣ ਦੀ ਉਮੀਦ ਹੈ। ਕੌਲਿਨਜ਼ ਟੋਰਾਂਟੋ ਦੇ ਉਨ੍ਹਾਂ 100 ਫੀ ਸਦੀ ਫੂਡ ਬੈਂਕ ਯੂਜ਼ਰਜ਼ ਵਿੱਚੋਂ ਇੱਕ ਹੈ ਜੋ ਕਿ ਸੋਸ਼ਲ ਅਸਿਸਟੈਂਸ ਉੱਤੇ ਨਿਰਭਰ ਕਰਦੇ ਹਨ।



ਡੇਲੀ ਬ੍ਰੈੱਡ ਫੂਡ ਬੈਂਕਜ਼ ਦੀ ਸਾਲਾਨਾ ਰਿਪੋਰਟ ਵਿੱਚ ਆਖਿਆ ਗਿਆ ਹੈ ਕਿ ਪਿਛਲੇ ਸਾਲ 45 ਸਾਲ ਦੀ ਉਮਰ ਤੋਂ ਵੱਧ ਦੇ ਬਾਲਗਾਂ ਦੀ ਵੱਡੀ ਗਿਣਤੀ ਵੱਲੋਂ ਫੂਡ ਬੈਂਕ ਦਾ ਦੌਰਾ ਕੀਤਾ ਗਿਆ। ਇਸ ਉਮਰ ਵਰਗ ਦੇ ਲੋਕ ਫੂਡ ਬੈਂਕ ਦੀ ਵਰਤੋਂ ਕਰਨ ਵਾਲਿਆਂ ਦਾ 37 ਫੀ ਸਦੀ ਹਿੱਸਾ ਬਣਦੇ ਹਨ। ਕੌਲਿਨਜ਼ ਨੇ ਆਖਿਆ ਕਿ ਸਾਨੂੰ ਲੱਗਦਾ ਹੈ ਕਿ ਅਜਿਹੇ ਲੋਕਾਂ ਲਈ ਸੋਸ਼ਲ ਅਸਿਸਟੈਂਸ ਵਿੱਚ ਵਾਧਾ ਹੋਣਾ ਚਾਹੀਦਾ ਹੈ ਜਿਹੜੇ ਇੱਕ ਕਮਰੇ ਵਾਲੇ ਘਰ ਵਿੱਚ ਰਹਿ ਕੇ ਕਿਰਾਇਆ ਭਰਨ ਮਗਰੋਂ 570 ਡਾਲਰ ਪ੍ਰਤੀ ਮਹੀਨੇ ਉੱਤੇ ਗੁਜ਼ਾਰਾ ਕਰਦੇ ਹਨ।
ਇਹ ਵੀ ਪਤਾ ਲੱਗਿਆ ਹੈ ਕਿ ਟੋਰਾਂਟੋ ਵਿੱਚ ਫੂਡ ਬੈਂਕ ਦੀ ਵਰਤੋਂ ਵਿੱਚ 2016-17 ਦਰਮਿਆਨ ਲੱਗਭਗ 5 ਫੀ ਸਦੀ ਦੀ ਕਮੀ ਆਈ। ਪਰ 2008 ਵਿੱਚ ਆਏ ਆਰਥਿਕ ਮੰਦਵਾੜੇ ਨਾਲੋਂ ਵੀ ਇਹ ਇਸ ਸਮੇਂ 14 ਫੀ ਸਦੀ ਵੱਧ ਹੈ। ਡੇਲੀ ਬ੍ਰੈੱਡ ਦੇ ਸੀਈਓ ਨੀਲ ਹੈਦਰਿੰਗਟਨ ਨੇ ਆਖਿਆ ਕਿ ਡੱਗ ਫੋਰਡ ਦੀ ਪੀਸੀ ਸਰਕਾਰ ਵੱਲੋਂ ਓਨਟਾਰੀਓ ਸੋਸ਼ਲ ਅਸਿਸਟੈਂਸ ਸਿਸਟਮ ਨੂੰ ਓਵਰਹਾਲ ਕਰਨ ਤੋਂ ਹਫਤਾ ਪਹਿਲਾਂ ਹੀ ਜਾਰੀ ਵਿਸ਼ਲੇਸ਼ਣ ਸੋਚ ਸਮਝ ਕੇ ਕਰਵਾਇਆ ਗਿਆ ਹੈ।

# ਜੀਨ ਕ੍ਰੈਚੀਅਨ ਦੀ "ਮਾਈ ਸਟੋਰੀਜ਼, ਮਾਈ ਟਾਈਮਜ਼" ਕਿਤਾਬ ਦੀ ਹੋਈ ਕੁੰਢ ਚੁਕਾਈ

...ਪੰਨਾ 1 ਦਾ ਬਾਕੀ

ਇਸ ਲਈ ਸ਼ੁਰੂ ਵਿਚ ਲਿਖਣਾਂ ਬਹੁਤ ਮੁਸ਼ਕਲ ਲੱਗ ਰਿਹਾ ਸੀ ਪਰ ਫਿਰ ਹੌਲੀ ਹੌਲੀ ਉਨ੍ਹਾਂ ਨੂੰ ਲਿਖਣ ਵਿਚ ਮਜ਼ਾ ਆਉਣ ਲੱਗਿਆ। ਉਨ੍ਹਾਂ ਆਖਿਆ ਕਿ ਟੀਵੀ ਮੂਹਰੇ ਬਹਿ ਕੇ ਟਰੰਪ ਦੀ ਬਕਵਾਸ ਸੁਣਨ ਨਾਲੋਂ ਉਹ ਆਪਣੇ ਡੈਸਕ ਉੱਤੇ ਜਾ ਕੇ ਆਪਣੀਆਂ ਯਾਦਾਂ ਨੂੰ ਰੂਪ ਦੇਣ ਲੱਗਦੇ ਸਨ ਤੇ ਇਸੇ ਤਰ੍ਹਾਂ ਹੀ ਉਹ ਕਿਤਾਬ ਤਿਆਰ ਹੋ ਗਈ ਜਿਹੜੀ ਸਾਰਿਆਂ ਦੇ ਸਾਹਮਣੇ ਹੈ। ਕਿਤਾਬ ਦੀ ਕੁੰਢ ਚੁਕਾਈ ਮੌਕੇ ਹੀ ਕ੍ਰੈਚੀਅਨ ਦੇ ਕੈਨੇਡਾ ਦਾ 20ਵਾਂ ਪ੍ਰਧਾਨ ਮੰਤਰੀ ਬਣਨ ਦੀ 25ਵੀਂ ਵਰ੍ਹੇਗੰਢ ਵੀ ਸੀ। ਜ਼ਿਕਰਯੋਗ ਹੈ ਕਿ ਕ੍ਰੈਚੀਅਨ ਨੇ 1993 ਤੋਂ 2003 ਤੱਕ ਕੈਨੇਡਾ ਦੇ ਪ੍ਰਧਾਨ ਮੰਤਰੀ ਵਜੋਂ ਸੇਵਾ ਨਿਭਾਈ। ਇਸ ਤੋਂ ਪਹਿਲਾਂ ਉਹ ਪਿਏਰੇ ਟਰੂਡੋ ਦੀ ਲਿਬਰਲ ਸਰਕਾਰ ਵਿੱਚ ਕੈਬਨਿਟ ਮੰਤਰੀ ਤੇ ਸਾਬਕਾ ਲਿਬਰਲ ਪ੍ਰਧਾਨ ਮੰਤਰੀ ਜੌਹਨ ਟਰਨਰ ਦੀ ਸਰਕਾਰ ਵਿੱਚ ਡਿਪਟੀ ਪ੍ਰਧਾਨ ਮੰਤਰੀ ਵੀ ਰਹਿ ਚੁੱਕੇ ਹਨ।
ਇੰਜ ਲੱਗ ਰਿਹਾ ਸੀ ਕਿ ਕਮਰਾ ਕ੍ਰੈਚੀਅਨ ਯੁੱਗ ਦੇ ਲਿਬਰਲਾਂ ਨਾਲ ਭਰਿਆ ਹੋਵੇ ਪਰ ਕੁੱਝ ਨਵੇਂ ਚਿਹਰੇ ਵੀ ਨਜ਼ਰ ਆਏ। ਇਸ ਮੌਕੇ ਵਾਤਾਵਰਣ ਮੰਤਰੀ ਕੈਥਰੀਨ ਮੈਕੇਨਾ, ਵਿਲੋਡੇਲ ਤੋਂ ਐਮਪੀ ਅਲੀ ਅਹਿਸਾਸੀ, ਐਨਐਲ ਐਮਪੀ ਨਿੱਕ ਵ੍ਹਾਲਨ, ਟੋਬਿਕ-ਮੈਕਟੈਕੁਐਕ ਐਮਪੀ ਟੀਜੇ ਹਾਰਵੇਅ, ਐਨਐਲ ਐਮਪੀ ਗੂਡੀ ਹਚਿੰਗਜ਼, ਕਿਊਬਿਕ ਤੋਂ ਐਮਪੀ ਮਾਰਕ ਮਿਲਰ, ਲੈਬਰਾਡੋਰ ਤੋਂ ਐਮਪੀ ਯਵੋਨ ਜੋਨਜ਼ ਤੋਂ ਇਲਾਵਾ ਲਿਬਰਲ ਤੋਂ ਆਜ਼ਾਦ ਐਮਪੀ ਬਣੇ ਹੰਟਰ ਟੂਟੂ ਵੀ ਹਾਜ਼ਰ ਹੋਏ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਵੀ ਥੋੜ੍ਹੀ ਦੇਰ ਲਈ ਹਾਜ਼ਰੀ ਲਵਾਈ। ਕਿਸੇ ਹੋਰ ਪਾਰਟੀ ਨਾਲੋਂ ਕਿਸੇ ਸਕੂਲ ਦੀ ਰੀਯੂਨੀਅਨ ਜ਼ਿਆਦਾ ਲੱਗ ਰਹੀ ਸੀ।
ਬਰੈਂਪਟਨ ਤੋਂ 18 ਸਾਲ ਰਹਿ ਚੁੱਕੇ ਲਿਬਰਲ ਐਮਪੀ ਗੁਰਬਖਸ਼ ਮੱਲ੍ਹੀ ਵੀ ਇਸ ਮੌਕੇ ਉਚੇਚੇ ਤੌਰ ਉੱਤੇ ਪਹੁੰਚੇ। ਉਨ੍ਹਾਂ ਆਖਿਆ ਕਿ ਕ੍ਰੈਚੀਅਨ ਹੁਣ ਤੱਕ ਦੇ ਬਿਹਤਰੀਨ ਪ੍ਰਧਾਨ ਮੰਤਰੀ ਰਹਿ ਚੁੱਕੇ ਹਨ। ਸਿੱਖ ਭਾਈਚਾਰੇ ਲਈ ਜਿਨਾਂ ਕੰਮ ਕ੍ਰੈਚੀਅਨ ਨੇ ਕੀਤਾ ਕੋਈ ਹੋਰ ਨਹੀਂ ਕਰ ਸਕਿਆ। ਉਨ੍ਹਾਂ ਅੱਗੇ ਆਖਿਆ ਕਿ ਖੰਡੇ ਦੀ ਸਟੈਂਪ ਰਲੀਜ਼ ਹੋਣਾ ਸਿੱਖ ਭਾਈਚਾਰੇ ਲਈ ਕੋਈ ਮਾਮੂਲੀ ਗੱਲ ਨਹੀਂ ਸੀ ਤੇ ਇਹ ਕ੍ਰੈਚੀਅਨ ਦੇ ਪ੍ਰਧਾਨ ਮੰਤਰੀ ਰਹਿੰਦਿਆਂ ਹੀ ਸੰਭਵ ਹੋ ਸਕਿਆ। ਹੋਰਨਾਂ ਤੋਂ ਇਲਾਵਾ ਓਨਟਾਰੀਓ ਦੇ ਸਾਬਕਾ ਲਿਬਰਲ ਪ੍ਰੀਮੀਅਰ ਡਾਲਟਨ ਮੈਗਿੰਟੀ, ਸਾਬਕਾ ਓਨਟਾਰੀਓ ਮੰਤਰੀ ਸਟੀਵਨ ਡੈਲ ਡਿਊਕਾ, ਓਟਵਾ ਦੇ ਮੇਅਰ ਜਿੰਮ ਵਾਟਸਨ, ਸਾਬਕਾ ਲਿਬਰਲ ਐਮਪੀਜ਼ ਰੌਜਰ ਗੈਲਾਵੇਅ ਤੇ ਜੌਹਨ ਕੈਨਿਸ, ਸਾਬਕਾ ਪੀਐਮਓ ਐਗਜ਼ੈਕਟਿਵ ਅਸਿਸਟੈਂਟ ਬਰੂਸ ਹਾਰਟਲੇ, ਪੀਐਮਓ ਸਟਾਫਰ ਸਟੀਫਨ ਹੋਗ, ਸਾਬਕਾ ਪੀਐਮਓ ਪ੍ਰਿੰਸੀਪਲ ਸਕੱਤਰ ਐਡੀ ਗੋਲਡਨਬਰਗ ਤੇ ਸਾਬਕਾ ਹਾਊਸ ਸਪੀਕਰ ਪੀਟਰ ਮਿਲੀਕਨ ਵੀ ਇਸ ਮੌਕੇ ਨਜ਼ਰ ਆਏ।


UK Truck Training Centre
Ministry Approved Private Carrier College
○ Automatic & Manual Trucks
● 1 on 1 Training
○ Forklift Training
Forklift $79 Recertification
Counterbalance
Reach Truck
"We Provide Training For Forklift & Trucks"
17 ਸਾਲਾਂ ਦਾ ਤਜ਼ਰਬਾ | ਸਤੇ ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Kuldip Singh Grewal 647.894.8590
7542 Bath Rd, Mississauga, ON L4T 1L2
Off:905.673.7979

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
ਲਿਵਰ ਸਰੋਇਸਿਸ ਫੈਟੀ ਲਿਵਰ
ਹੈਪਾਟਾਇਟਸ A, B &C ਪੀਲੀਆ
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼
Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Self Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ।
ਅਡੀਆਂ ਦੀਆਂ ਹਡੀਆਂ ਵੱਧ ਜਾਣਾ ਅਤੇ ਦਰਦ ਦਾ ਪਕਾ ਇਲਾਜ
ਆਪਣੀ ਚਿਹਰੇ ਦੀ ਖੂਬਸੂਰਤੀ ਨੂੰ ਵਧਾਓ
ਫੇਸ ਤੇ ਫਿੰਸੀਆਂ, ਫੌੜੀਆ ਤੇ ਔਰਤਾਂ ਦੀਆਂ ਯੂਟਰਸ ਦੀਆਂ ਰਸੌਲੀਆਂ ਜ਼ਿੱਦੀ ਸ਼ਾਈਆਂ ਵਰਗੀ ਬਿਮਾਰੀ ਤੋਂ ਛੁਟਕਾਰਾ ਪਾਓ।
ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ, ਆਰਟਰੀ ਦੀ ਬਲੋਕੇਜ, ਮਹਾਵਾਰੀ ਤੇ ਬਾਇਪਾਸ ਸਰਜਰੀ ਤੋ ਬਚਾਉ ਦਾ ਪਕਾ ਇਲਾਜ।
ਬਚਿਆਂ ਤੇ ਵਡਿਆਂ ਦੀ ਪਿਸ਼ਾਬ ਸੰਬੰਧੀ ਬਿਮਾਰੀਆਂ ਦਾ ਵੀ ਇਲਾਜ
ਬਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਆਦਿ ਲਈ ਸੰਪਕਰ ਕਰੋ
ਜੇਕਰ ਤੁਸੀਂ Stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ। ਸਰਜਰੀ ਅਤੇ Stunt ਤੋਂ ਬੱਚਣ ਲਈ ਸਾਡੇ ਕੋਲ ਤੱਸਲੀਬੱਖਸ਼ ਇਲਾਹ ਹੈ। No side effects.
ਸੀਜ਼ਨਲ ਅਤੇ ਹਰ ਤਰ੍ਹਾਂ ਦੀ ਐਲਰਜੀ
ਅਖਾਂ ਲਾਲ, ਨਕ ਵਧਣਾ, ਖਾਜ ਹੋਣੀ ਫੁਲਾਂ ਤੋਂ ਅਤੇ ਘਾਹ ਤੋ ਅਲਰਜੀ, Sinus, Headache, running nose, sneezing ਆਦਿ ਤਕਲੀਫਾਂ ਦਾ ਵੀ ਜੜੋ ਇਲਾਜ ਹੈ।
ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593
NO SIDE EFFECTS

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
GAURAV GUPTA
905.796.3535
LAST MINUTE DEALS AVAILABLE
218 KINGKNOLL DR., BRAMPTON, ON L6Y 4X4

# ਬੇਅਦਬੀ ਤੇ ਗੋਲੀ ਕਾਂਡ: ਦੋਸ਼ਾਂ ਦੀ ਮਾਰ ਹੇਠ ਆਏ ਆਈ ਜੀ ਰੈਂਕ ਦੇ ਦੋ ਅਧਿਕਾਰੀ ਵਿਸ਼ੇਸ਼ ਜਾਂਚ ਟੀਮ ਅੱਗੇ ਪੇਸ਼

ਚੰਡੀਗੜ੍ਹ, 31 ਅਕਤੂਬਰ, (ਪੋਸਟ ਬਿਊਰੋ)- ਤਿੰਨ ਸਾਲ ਪੁਰਾਣੇ ਬੇਅਦਬੀ ਦੇ ਕੇਸਾਂ, ਬਹਿਬਲ ਕਲਾਂ ਅਤੇ ਕੋਟਕਪੂਰਾ ਗੋਲੀ ਕਾਂਡ ਆਦਿ ਦੀ ਜਾਂਚ ਲਈ ਪੰਜਾਬ ਸਰਕਾਰ ਵਲੋਂ ਬਣਾਈ ਵਿਸ਼ੇਸ਼ ਜਾਂਚ ਟੀਮ (ਸਿਟ) ਦੇ ਸਾਹਮਣੇ ਆਈ ਜੀ ਰੈਂਕ ਦੇ ਦੋ ਅਧਿਕਾਰੀ ਪੇਸ਼ ਹੋਏ, ਜਿਨ੍ਹਾਂ ਤੋਂ ਕਈ ਘੰਟੇ ਪੁੱਛਗਿਛ ਕੀਤੀ ਜਾਣ ਦੀ ਖਬਰ ਮਿਲੀ ਹੈ।

ਐਡੀਸ਼ਨਲ ਡੀ ਜੀ ਪੀ ਪ੍ਰਬੋਧ ਕੁਮਾਰ ਦੀ ਅਗਵਾਈ ਹੇਠ ਬਣਾਈ ਇਸ ਜਾਂਚ ਟੀਮ ਵਿੱਚ ਆਈ ਜੀ ਕੁੰਵਰ ਵਿਜੇ ਪ੍ਰਤਾਪ ਸਿੰਘ, ਅਰੁਣ ਪਾਲ ਸਿੰਘ ਅਤੇ ਕਪੂਰਥਲਾ ਦੇ ਐਸ ਐਸ ਪੀ ਸਤਿੰਦਰ ਸਿੰਘ ਸ਼ਾਮਲ ਹਨ। ਪੁਲੀਸ ਦੇ ਆਈ ਜੀ ਰੈਂਕ ਦੇ ਦੋ ਅਫਸਰਾਂ ਵੱਲੋਂ ਇਸ ਜਾਂਚ ਟੀਮ ਅੱਗੇ ਪੇਸ਼ ਹੋਣ ਪਿੱਛੋਂ ਹੋਰਨਾਂ ਪੁਲੀਸ ਅਫਸਰਾਂ ਦੇ ਜਾਂਚ ਟੀਮ ਕੋਲ ਪੇਸ਼ ਹੋਣ ਦਾ ਰਾਹ ਖੁੱਲ੍ਹ ਗਿਆ ਹੈ ਤੇ ਉਹ ਅਦਾਲਤ ਵਿੱਚ ਸਟੇਅ ਮੰਗਣ ਦੀ ਥਾਂ ਟੀਮ ਅੱਗੇ ਪੇਸ਼ ਹੋ ਸਕਦੇ ਹਨ। ਇਕ ਸੀਨੀਅਰ ਅਧਿਕਾਰੀ ਦੇ ਕਹਿਣ ਮੁਤਾਬਕ ਜਿਸ ਦਿਨ ਵਿਸ਼ੇਸ਼ ਜਾਂਚ ਟੀਮ ਉਨ੍ਹਾਂ ਨੂੰ ਜਾਂਚ ਵਿੱਚ ਸ਼ਾਮਲ ਹੋਣ ਨੂੰ ਸੱਦੇਗੀ, ਉਹ ਉਸ ਦਿਨ ਪੇਸ਼ ਹੋ ਕੇ ਸਾਰੀ ਸਥਿਤੀ ਦਾ ਬਿਆਨ ਦੇ ਆਉਣਗੇ।

ਮਿਲੀ ਜਾਣਕਾਰੀ ਅਨੁਸਾਰ ਆਈ ਜੀ ਅਮਰ ਸਿੰਘ ਚਾਹਲ ਦੋ ਦਿਨ ਪਹਿਲਾਂ ਵਿਸ਼ੇਸ਼ ਜਾਂਚ ਕੋਲ ਪੇਸ਼ ਹੋਏ ਸਨ ਤੇ ਵਿਸ਼ੇਸ਼ ਜਾਂਚ ਟੀਮ ਨੇ ਉਨ੍ਹਾਂ ਤੋਂ ਲਗਪਗ ਪੰਜ ਘੰਟੇ ਪੁੱਛਗਿੱਛ ਕੀਤੀ ਸੀ। ਇਸ ਮੌਕੇ ਉਨ੍ਹਾਂ ਕੋਲੋਂ ਗੋਲੀ ਕਾਂਡ ਬਾਰੇ ਕਈ ਸਵਾਲ ਪੁੱਛੇ ਗਏ ਤੇ ਇਹ ਵੀ ਕਿ ਗੁਰੂ ਗ੍ਰੰਥ ਸਾਹਿਬ ਦੀ ਬਰਗਾੜੀ ਅਤੇ ਕੁਝ ਹੋਰ ਥਾਈਂ ਬੇਅਦਬੀ ਅਤੇ ਉਸ ਦੇ ਪਿੱਛੋਂ ਬੇਅਦਬੀ ਦੇ ਖ਼ਿਲਾਫ਼ ਰੋਸ ਪ੍ਰਗਟਾਉਂਦੇ ਇਕੱਠ 'ਤੇ ਪਹਿਲਾਂ ਕੋਟਕਪੂਰਾ ਵਿੱਚ ਲਾਠੀਚਾਰਜ ਤੇ ਫ਼ਿਰ ਪੁਲੀਸ ਫਾਇਰਿੰਗ ਦੇ ਕੀ ਕਾਰਨ ਸਨ। ਪੁਲੀਸ ਅਫਸਰ ਤੋਂ ਬਹਿਬਲ ਕਲਾਂ ਵਿਚ ਸ਼ਾਂਤਮਈ ਧਰਨੇ ਉੱਤੇ ਬਿਨਾਂ ਭੜਕਾਹਟ ਦੇ ਗੋਲੀ ਚਲਾਉਣ ਬਾਰੇ ਵੀ ਸਵਾਲ ਪੁੱਛੇ ਗਏ। ਇਸੇ ਤਰ੍ਹਾਂ ਆਈ ਜੀ ਪਰਮਰਾਜ ਸਿੰਘ ਉਮਰਾਨੰਗਲ ਜਾਂਚ ਟੀਮ ਅੱਗੇ ਪੇਸ਼ ਹੋਏ ਤਾਂ ਉਨ੍ਹਾਂ ਕੋਲੋਂ ਗੋਲੀ ਚਲਾਉਣ ਸਮੇਤ ਕਈ ਸਵਾਲ ਪੁੱਛੇ ਗਏ। ਕੋਟਕਪੂਰਾ ਤੇ ਬਹਿਬਲ ਕਲਾਂ ਕਾਂਡ ਵੇਲੇ ਉਮਰਾਨੰਗਲ ਲੁਧਿਆਣਾ ਵਿੱਚ ਤਾਇਨਾਤ ਸਨ ਤੇ ਉਨ੍ਹਾਂ ਨੂੰ ਹੋਰ ਪੁਲੀਸ ਅਫਸਰਾਂ ਨਾਲ ਸਥਿਤੀ ਸੰਭਾਲਣ ਲਈ ਉਥੇ ਭੇਜਿਆ ਗਿਆ ਸੀ।

ਜ਼ਿਕਰ ਯੋਗ ਹੈ ਕਿ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਮਿਲਣ ਪਿੱਛੋਂ ਬਾਜਾਖਾਨਾ ਵਿੱਚ ਬਹਿਬਲ ਕਲਾਂ ਕਾਂਡ ਬਾਰੇ ਸਾਲ 2015 ਵਿੱਚ ਦਰਜ ਕੀਤੇ ਕੇਸ ਵਿਚ ਫਸਦੇ ਨੌਂ ਪੁਲੀਸ ਵਾਲਿਆਂ ਦੇ ਨਾਂ ਇਸ ਵਿੱਚ ਸ਼ਾਮਲ ਕੀਤੇ ਸਨ। ਕੋਟਕਪੂਰਾ ਗੋਲੀ ਕਾਂਡ ਬਾਰੇ ਇਕ ਵੱਖਰਾ ਕੇਸ ਅਣਪਛਾਤੇ ਲੋਕਾਂ ਖ਼ਿਲਾਫ਼ ਦਰਜ ਕੀਤਾ ਗਿਆ ਸੀ, ਪਰ ਇਸ ਵਿਚ ਕਿਸੇ ਦਾ ਨਾਂ ਨਹੀਂ ਸੀ। ਵਿਸ਼ੇਸ਼ ਜਾਂਚ ਟੀਮ ਦੀ ਰਿਪੋਰਟ ਆਉਣ ਮਗਰੋਂ ਕੁਝ ਹੋਰ ਲੋਕਾਂ ਦੇ ਨਾਂ ਇਸ ਵਿੱਚ ਸ਼ਾਮਲ ਕੀਤੇ ਜਾਣ ਦੀ ਸੰਭਾਵਨਾ ਹੈ।

ਇਸ ਦੌਰਾਨ ਪੰਜਾਬ ਵਿਚ ਪਿਛਲੇ ਤਿੰਨ ਸਾਲਾਂ ਦੌਰਾਨ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਦੀਆਂ ਘਟਨਾਵਾਂ ਦੀ ਜਾਂਚ ਕਰ ਰਹੀ ਡੀ ਆਈ ਜੀ ਰਣਬੀਰ ਸਿੰਘ ਖਟੜਾ ਦੀ ਅਗਵਾਈ ਵਾਲੀ ਵਿਸ਼ੇਸ਼ ਜਾਂਚ ਟੀਮ ਨੇ ਪਿੰਡ ਮੱਲਕੇ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਕੇਸ ਵਿੱਚ ਗ੍ਰਿਫ਼ਤਾਰ ਡੇਰਾ ਪ੍ਰੇਮੀਆਂ ਤੋਂ ਕਰੜੀ ਸੁਰੱਖਿਆ ਹੇਠ ਵਾਰਦਾਤ ਦੀ ਨਿਸ਼ਾਨਦੇਹੀ ਕਰਵਾਈ ਤਾਂ ਇਸ ਮੌਕੇ ਦੋਸ਼ੀਆਂ ਨੇ ਪਿੰਡ ਵਾਸੀਆਂ ਅੱਗੇ ਭੁੱਲ ਬਖਸ਼ਾਉਣ ਲਈ ਹੱਥ ਜੋੜ ਕੇ ਬੇਨਤੀ ਵੀ ਕੀਤੀ।

ਬੁੱਧਵਾਰ ਤੜਕੇ ਜਾਂਚ ਟੀਮ ਏਥੇ ਪੁੱਜਣ ਤੋਂ ਪਹਿਲਾਂ ਪਿੰਡ ਮੱਲਕੇ ਪੁਲੀਸ ਛਾਉਣੀ ਵਿੱਚ ਬਦਲ ਗਿਆ ਅਤੇ ਐਸ ਪੀ (ਆਈ) ਵਜ਼ੀਰ ਸਿੰਘ ਖਹਿਰਾ ਅਤੇ ਡੀ ਐੱਸ ਪੀ ਬਾਘਾ ਪੁਰਾਣਾ ਰਣਜੋਧ ਸਿੰਘ ਦੀ ਅਗਵਾਈ ਹੇਠ ਵੱਡੀ ਗਿਣਤੀ ਵਿੱਚ ਪੁਲੀਸ ਲਾਈ ਗਈ ਸੀ। ਇਸ ਮੌਕੇ ਗ੍ਰਿਫ਼ਤਾਰ ਡੇਰਾ ਪ੍ਰੇਮੀ ਅਮਰਦੀਪ ਸਿੰਘ ਉਰਫ਼ ਦੀਪਾ ਅਤੇ ਮਿੱਠੂ ਸਿੰਘ ਦੀ ਨਿਸ਼ਾਨਦੇਹੀ ਦੀ ਜਾਂਚ ਟੀਮ ਨੇ ਵੀਡੀਓਗ੍ਰਾਫ਼ੀ ਵੀ ਕੀਤੀ। ਟੀਮ ਨੇ ਪਿੰਡ ਮੱਲਕੇ ਗੁਰਦੁਆਰੇ ਦੇ ਸੱਚਖੰਡ ਵਿਚ ਬੇਅਦਬੀ ਦੇ ਬਾਅਦ ਸੀਲ ਕਰਕੇ ਰੱਖੇ ਗਏ ਗੁਰੂ ਗ੍ਰੰਥ ਸਾਹਿਬ ਦੇ ਅੰਗਾਂ ਦੀ ਵੀ ਵੀਡੀਓਗ੍ਰਾਫ਼ੀ ਕੀਤੀ। ਜਾਂਚ ਟੀਮ ਸਭ ਤੋਂ ਪਹਿਲਾਂ ਦੋਸ਼ੀ ਅਮਰਦੀਪ ਸਿੰਘ ਦੀਪਾ ਦੇ ਖੇਤ ਵਾਲੇ ਟਿਊਬਵੈਲ 'ਤੇ ਗਈ, ਜਿੱਥੇ ਦੋਸ਼ੀਆਂ ਨੇ ਮੰਨ ਲਿਆ ਕਿ 4 ਨਵੰਬਰ 2015 ਨੂੰ ਘਟਨਾ ਦੀ ਰਾਤ ਦੋਵੇਂ ਜਣੇ ਏਥੇ ਰੁਕੇ ਸਨ। ਉਸੇ ਰਾਤ ਡੇਰਾ ਸਿਰਸਾ ਦੀ 45 ਮੈਂਬਰੀ ਸੂਬਾ ਕਮੇਟੀ ਦਾ ਮੈਂਬਰ ਪਿਰਥੀ ਸਿੰਘ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਅੰਗ ਦੇ ਗਿਆ ਸੀ। ਪੁਲੀਸ ਦੇ ਮੁਤਾਬਕ ਦੋਸ਼ੀਆਂ ਨੇ ਦੱਸਿਆ ਕਿ ਉਨ੍ਹਾਂ ਟਿਊਬਵੈੱਲ 'ਤੇ ਪੰਨੇ ਪਾੜੇ ਸਨ। ਬਾਅਦ ਵਿੱਚ ਮਿੱਠੂ ਸਿੰਘ ਨੇ ਮੋਟਰਸਾਈਕਲ ਚਲਾਇਆ ਤੇ ਉਨ੍ਹਾਂ ਨੇ ਪਹਿਲਾਂ ਸਮਾਲਸਰ ਮੋੜ, ਲੱਧੇ ਦੀ ਦੁਕਾਨ ਅੱਗੇ, ਪਿੰਡ ਦੇ ਵੱਡੇ ਖੂਹ ਉੱਤੇ ਗੁਰੂ ਗ੍ਰੰਥ ਸਾਹਿਬ ਦੇ ਅੰਗ ਖਿਲਾਰ ਕੇ ਬਰਗਾੜੀ ਵਾਲੇ ਕੱਚੇ ਰਸਤੇ ਉੱਤੇ ਜਾ ਕੇ ਜਿਲਦ ਖੇਤਾਂ ਵਿੱਚ ਸੁੱਟੀ ਸੀ। ਪੁਲੀਸ ਨੇ ਵਾਰਦਾਤ ਲਈ ਵਰਤਿਆ ਮੋਟਰਸਾਈਕਲ ਵੀ ਬਰਾਮਦ ਕਰ ਲਿਆ ਹੈ।

# ਪਹਿਲੇ ਦਿਨ ਹੀ ਅਕਾਲ ਤਖ਼ਤ ਦੇ ਨਵੇਂ ਜਥੇਦਾਰ ਦਾ ਵਿਰੋਧ ਸ਼ੁਰੂ



## * ਗਰਮ ਖਿਆਲੀਆਂ ਨੇ ਸਿਰੋਪੇ ਲੈਣ ਤੋਂ ਨਾਂਹ ਕੀਤੀ

ਅੰਮ੍ਰਿਤਸਰ, 31 ਅਕਤੂਬਰ, (ਪੋਸਟ ਬਿਊਰੋ)- ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਅੱਜ ਪਹਿਲੇ ਦਿਨ ਹੀ ਗਰਮ ਖਿਆਲੀਆਂ ਦਾ ਵਿਰੋਧ ਝੱਲਣਾ ਪੈ ਗਿਆ। ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਕਤਲ ਕਰਨ ਵਾਲੇ ਬੇਅੰਤ ਸਿੰਘ ਦੀ ਬਰਸੀ ਮੌਕੇ ਅਕਾਲ ਤਖ਼ਤ ਸਾਹਿਬ ਦੇ ਨੇੜੇ ਕਰਵਾਏ ਗਏ ਅਖੰਡ ਪਾਠ ਦੇ ਭੋਗ ਸਮੇਂ ਦੋ ਗਰਮ ਖਿਆਲੀ ਆਗੂਆਂ ਨੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਤੋਂ ਸਿਰੋਪੇ ਲੈਣੋਂ ਇਹ ਕਹਿ ਕੇ ਸਿਰ ਫੇਰ ਦਿੱਤਾ ਕਿ ਉਹ ਇਕ ਧਿਰ ਵਲੋਂ ਥਾਪੇ ਗਏ ਇਸ ਜਥੇਦਾਰ ਨੂੰ ਮਾਨਤਾ ਨਹੀਂ ਦਿੰਦੇ।

ਮਿਲੀ ਜਾਣਕਾਰੀ ਅਨੁਸਾਰ ਅੱਜ ਅਕਾਲ ਤਖ਼ਤ ਨੇੜੇ ਗੁਰਦੁਆਰਾ ਝੰਡਾ ਬੁੰਗਾ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸੰਗਤ ਦੇ ਸਹਿਯੋਗ ਨਾਲ ਬੇਅੰਤ ਸਿੰਘ ਦੀ ਬਰਸੀ ਮੌਕੇ ਅਖੰਡ ਪਾਠ ਦਾ ਭੋਗ ਪਾਇਆ ਗਿਆ ਸੀ, ਜਿਸ ਦੌਰਾਨ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਕੁਲਦੀਪ ਸਿੰਘ ਨੇ ਕੀਰਤਨ ਕੀਤਾ ਅਤੇ ਭਾਈ ਕੁਲਵਿੰਦਰ ਸਿੰਘ ਨੇ ਅਰਦਾਸ ਕੀਤੀ। ਮੁਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੇ ਸੰਬੋਧਨ ਕਰਦਿਆਂ ਬੇਅੰਤ ਸਿੰਘ ਅਤੇ ਹੋਰਨਾਂ ਨੂੰ ਸ਼ਰਧਾ ਭੇਟ ਕੀਤੀ। ਸਮਾਗਮ ਵਿਚ ਅਕਾਲ ਤਖ਼ਤ ਦੇ ਨਵੇਂ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੀ ਆਏ ਹੋਏ ਸਨ। ਇਸ ਦੌਰਾਨ 'ਸ਼ਹੀਦ ਪਰਿਵਾਰਾਂ' ਨੂੰ ਸਨਮਾਨਿਤ ਕਰਨ ਦੀ ਕਾਰਵਾਈ ਸ਼ੁਰੂ ਹੋਈ ਤਾਂ ਬੇਅੰਤ ਸਿੰਘ ਦੇ ਪਰਿਵਾਰਕ ਮੈਂਬਰਾਂ ਨੂੰ ਸਿਰੋਪੇ ਲੈਣ ਲਈ ਕਿਹਾ ਗਿਆ, ਪਰ ਪਰਿਵਾਰ ਦਾ ਕੋਈ ਜੀਅ ਓਥੇ ਨਹੀਂ ਸੀ। ਫਿਰ ਦਲ ਖਾਲਸਾ ਦੇ ਆਗੂ ਕੰਵਰਪਾਲ ਸਿੰਘ ਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਆਗੂ ਜਰਨੈਲ ਸਿੰਘ ਸਖੀਰਾ ਨੂੰ ਬੇਅੰਤ ਸਿੰਘ ਦੇ ਪਰਿਵਾਰ ਵੱਲੋਂ ਸਿਰੋਪੇ ਲੈਣ ਨੂੰ ਕਿਹਾ ਗਿਆ, ਪਰ ਦੋਵਾਂ ਆਗੂਆਂ ਨੇ ਇਹ ਕਹਿ ਕੇ ਸਿਰੋਪੇ ਇਨਕਾਰ ਕਰ ਦਿੱਤਾ ਕਿ ਉਹ ਇਕ ਧਿਰ ਵੱਲੋਂ ਥਾਪੇ ਗਏ ਜਥੇਦਾਰ ਨੂੰ ਮਾਨਤਾ ਨਹੀਂ ਦਿੰਦੇ। ਇਹ ਕਹਿ ਕੇ ਦੋਵੇਂ ਆਗੂ ਸਮਾਗਮ ਵਿਚੋਂ ਬਾਹਰ ਨਿਕਲ ਗਏ।

ਸਮਾਗਮ ਪਿੱਛੋਂ ਕੰਵਰਪਾਲ ਸਿੰਘ ਨੇ ਕਿਹਾ ਕਿ ਨਵਾਂ ਕਾਰਜਕਾਰੀ ਜਥੇਦਾਰ ਉਸੇ ਧਿਰ ਨੇ ਲਾਇਆ ਹੈ, ਜਿਸ ਨੇ ਪਹਿਲੇ ਜਥੇਦਾਰ ਨਿਯੁਕਤ ਕੀਤੇ ਅਤੇ ਉਨ੍ਹਾਂ 'ਤੇ ਦਬਾਅ ਪਾ ਕੇ ਮਰਜ਼ੀ ਦੇ ਹੁਕਮਨਾਮੇ ਜਾਰੀ ਕਰਵਾਏ ਸਨ, ਜਿਨ੍ਹਾਂ ਨਾਲ ਕੌਮ ਨੂੰ ਸ਼ਰਮਸਾਰ ਹੋਣਾ ਪਿਆ ਹੈ। ਉਨ੍ਹਾਂ ਕਿਹਾ ਕਿ ਇਹ ਰੁਝਾਨ ਰੁਕਣਾ ਚਾਹੀਦਾ ਹੈ। ਜਰਨੈਲ ਸਿੰਘ ਸਖੀਰਾ ਨੇ ਕਿਹਾ ਕਿ ਉਨ੍ਹਾਂ ਦੀ ਜਥੇਬੰਦੀ ਪਹਿਲਾਂ ਹੀ ਇਨ੍ਹਾਂ ਜਥੇਦਾਰਾਂ ਨੂੰ ਰੱਦ ਕਰ ਚੁੱਕੀ ਹੈ। ਉਨ੍ਹਾਂ ਨੇ ਕਿਹਾ ਕਿ ਜੇ ਅੱਜ ਦੇ ਸਮਾਗਮ ਮੌਕੇ ਗਿਆਨੀ ਹਰਪ੍ਰੀਤ ਸਿੰਘ ਸੰਬੋਧਨ ਕਰਦੇ ਤਾਂ ਵੀ ਉਨ੍ਹਾਂ ਵਿਰੋਧ ਵਿੱਚ ਇਹ ਸਮਾਗਮ ਛੱਡਣ ਦਾ ਫੈਸਲਾ ਕੀਤਾ ਹੋਇਆ ਸੀ। ਇਸ ਸਮਾਗਮ ਮੌਕੇ ਇੰਦਰਾ ਗਾਂਧੀ ਨੂੰ ਕਤਲ ਕਰਨ ਵਾਲੇ ਸਤਵੰਤ ਸਿੰਘ ਦੇ ਭਤੀਜੇ ਸੁਖਵਿੰਦਰ ਸਿੰਘ ਅਗਵਾਨ ਨੂੰ 'ਸ਼ਹੀਦ ਪਰਿਵਾਰ' ਵਜੋਂ ਸਿਰੋਪਾ ਦਿੱਤਾ ਗਿਆ।

# ਪਾਪਾਕੁਰਾ ਲੋਕਲ ਬੋਰਡ ਕੌਂਸਿਲ ਵੱਲੋਂ ਰਣਵੀਰ ਸਿੰਘ ਪਾਬਲਾ 'ਸਰਵਿਸ ਟੂ ਸਪੋਰਟਸ' ਐਵਾਰਡ ਨਾਲ ਸਨਮਾਨਿਤ



ਆਕਲੈਂਡ 31 ਅਕਤੂਬਰ (ਹਰਜਿੰਦਰ ਸਿੰਘ ਬਸਿਆਲਾ)-ਖੇਡਾਂ ਖੇਡਣਾ ਜਿੱਥੇ ਮਿਹਨਤ ਭਰਿਆ ਅਤੇ ਬਹੁਤ ਔਖਾ ਕੰਮ ਹੈ ਉਥੇ ਖੇਡਾਂ ਖਿਡਾਉਣੀਆਂ, ਕੋਚਿੰਗ ਕਰਵਾਉਣੀ, ਰੈਫਰੀ ਦੀਆਂ ਸੇਵਾਵਾਂ ਨਿਭਾਉਣਾ, ਤਕਨੀਕੀ ਪੱਖਾਂ ਨੂੰ ਪਰਖਣਾ, ਖੇਡਦੇ ਖਿਡਾਰੀਆਂ 'ਤੇ ਪਾਰਖੂ ਨਜ਼ਰ ਰੱਖਣੀ, ਤੁਰੰਤ ਫੈਸਲਾ ਲੈਣਾ ਆਦਿ ਵੱਡੀਆਂ ਜ਼ਿੰਮੇਵਾਰੀ ਵਾਲਾ ਕੰਮ ਹੈ। ਇਹ ਗੱਲਾਂ ਸਾਲ-ਦਰ-ਸਾਲ ਤੁਹਾਡੀ ਖੇਡ ਨਿਯਮਾਂ ਉਤੇ ਪਕੜ ਪੱਕੀ ਕਰਦੀਆਂ ਹਨ ਤੇ ਤੁਹਾਨੂੰ ਖੇਡ ਕਲੱਬਾਂ ਦੇ ਅਹੁਦੇਦਾਰ ਬਣਾਈ ਰੱਖਦੀਆਂ ਹਨ। ਖੇਡ ਕਲੱਬਾਂ ਦੇ ਵਿਚ ਲੰਬਾ ਸਮਾਂ ਰਹਿਣਾ ਗੋਰਿਆਂ ਦਾ ਸ਼ੌਕ ਹੁੰਦਾ ਹੈ ਪਰ ਜੇਕਰ ਭਾਰਤੀ ਆਪਣੇ ਨਿੱਜੀ ਕਾਰਜਾਂ ਦੇ ਨਾਲ-ਨਾਲ ਕੌਂਸਿਲ ਪੱਧਰ ਉਤੇ ਨਾਮਣਾ ਖੱਟਦਾ ਹੈ ਤਾਂ ਉਸ ਸਖਸ਼ ਨੂੰ ਸ਼ਾਬਾਸ਼ ਦੇਣੀ ਜਰੂਰ ਬਣਦੀ ਹੈ। ਸ. ਰਣਵੀਰ ਸਿੰਘ ਪਾਬਲਾ ਸਪੁੱਤਰ ਸ. ਪ੍ਰਕਾਸ਼ ਸਿੰਘ ਪਾਬਲਾ (ਲਸਾੜਾ ਵਾਲੇ) ਜੋ ਕਿ ਮਾਸਟਰ ਗੇਮਾਂ 2017 ਦੇ ਵਿਚ ਚੰਗਾ ਨਾਮਣਾ ਖੱਟ ਚੁੱਕੇ ਹਨ, ਨੂੰ ਬੀਤੇ ਦਿਨੀਂ 'ਪਾਪਾਕੁਰਾ ਸਪੋਰਟਸ ਐਵਾਰਡ' ਸਮਾਰੋਹ ਦੇ ਵਿਚ ਪਾਪਾਕੁਰਾ ਲੋਕਲ ਬੋਰਡ (ਆਕਲੈਂਡ ਕੌਂਸਿਲ) ਵੱਲੋਂ 'ਸਰਵਿਸ ਟੂ ਸਪੋਰਟਸ' ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਆਪਣੇ ਪਿਤਾ ਜੀ ਦੇ ਨਾਲ ਉਨ੍ਹਾਂ ਇਹ ਐਵਾਰਡ ਹਾਸਿਲ ਕੀਤਾ। ਇਹ ਖੇਡ ਐਵਾਰਡ ਲੰਬਾ ਸਮਾਂ ਕਿਸੀ ਸੰਸਥਾ ਦੇ ਨਾਲ ਆਪਣਾ ਯੋਗਦਾਨ ਪਾਉਣ ਬਦਲੇ ਦਿੱਤਾ ਜਾਂਦਾ ਹੈ। ਸ. ਰਣਵੀਰ ਸਿੰਘ ਪਿਛਲੇ 16 ਸਾਲਾਂ ਤੋਂ ਆਕਲੈਂਡ ਕੌਂਸਲ ਦੇ ਖੇਡ ਸਮਾਰੋਹਾਂ ਅਤੇ ਪਾਪਾਕੁਰਾ, ਮੈਨੁਕਾਓ ਦੇ ਸਥਾਨਿਕ ਪੱਧਰ ਦੇ ਖੇਡ ਮੁਕਾਬਲਿਆਂ ਦੇ ਵਿਚ ਦਫਤਰੀ ਅਮਲੇ ਵੱਜੋਂ ਭਾਗ ਲੈਂਦੇ ਰਹਿੰਦੇ ਹਨ। ਉਨ੍ਹਾਂ ਕੋਲ ਖੇਡਾਂ ਸਬੰਧੀ, ਖੇਡ ਲੀਡਰਸ਼ਿਪ ਸਬੰਧੀ ਕਈ ਤਰ੍ਹਾਂ ਦੇ ਕੋਰਸ ਹਨ ਜੋ ਕਿ ਉਨ੍ਹਾਂ ਨੂੰ ਮਾਸਟਰ ਗੇਮਜ਼ ਦੇ ਵਿਚ ਵੱਡੀ ਭੂਮਿਕਾ ਨਿਭਾਉਣ ਦੇ ਵਿਚ ਸਹਾਈ ਹੋਏ। ਇਸੇ ਸਾਲ ਨਾਰਥ ਆਈਲੈਂਡ ਕੋਲਗੇਟ ਗੇਮਾਂ ਦੇ ਵਿਚ ਉਹ ਫੀਲਡ ਜੱਜ ਰਹੇ ਹਨ ਅਤੇ ਐਥਲੈਟਿਕਸ ਦੀ ਸੁਪਰਵੀਜ਼ਨ ਕਰ ਚੁਕੇ ਹਨ। ਮਾਸਟਰ ਗੇਮਾਂ 2017 ਦੇ ਵਿਚ ਉਹ ਲੈਪਸ ਕਾਊਂਟਿੰਗ, ਰੈਫਰੀ, ਮੇਨਟੇਨਿੰਗ ਰਿਕਾਰਡ, ਐਕਸੀਡੈਂਟ ਰਿਪੋਰਟ ਰਾਈਟਿੰਗ ਅਤੇ ਵਿੰਡ ਗੇਜ਼ ਮੋਨੀਟਰ ਕਰਦੇ ਰਹੇ ਹਨ। ਉਹ ਆਪ ਲੰਬੀ ਦੌੜ ਦੇ ਦੌੜਾਕ ਹਨ, ਏਥਲੈਟਿਕਸ ਦੇ ਟ੍ਰੇਨਰ ਹਨ। ਉਹ ਨਿਊਜ਼ੀਲੈਂਡ ਐਥਲੈਟਿਕਸ ਕੋਚ ਐਸੋਸੀਏਸ਼ਨ ਦੇ ਮੈਂਬਰ ਵੀ ਹਨ। ਸਪੋਰਟਸ ਲੀਡਰਸ਼ਿਪ ਦੇ ਵਿਚ ਸਰਟੀਫਿਕੇਟ ਪ੍ਰਾਪਤ ਹਨ। ਬਿਜਨਸ ਮੈਨੇਜਮੈਂਟ ਦੀ ਪੜ੍ਹਾਈ ਰੱਖਣ ਵਾਲੇ ਰਣਵੀਰ ਪਾਬਲਾ ਦੀਆਂ ਬੇਟੀਆਂ ਵੀ ਇਸਦੇ ਨਾਲ ਦੌੜਦੀਆਂ ਰਹੀਆਂ ਹਨ ਅਤੇ ਕਈ ਵਾਰ ਅਖਬਾਰਾਂ ਦੀਆਂ ਸੁਰਖੀਆਂ ਬਣੀਆਂ। ਸ. ਰਣਵੀਰ ਪਾਬਲਾ ਨੂੰ ਇਸ ਉਪਲਬਧੀ ਉਤੇ ਬਹੁਤ ਬਹੁਤ ਵਧਾਈ।

# ਰਾਫਾਲ ਜਹਾਜ਼ ਸੌਦੇ ਬਾਰੇ ਸੁਪਰੀਮ ਕੋਰਟ ਨੇ ਸੀਲਬੰਦ ਲਿਫ਼ਾਫ਼ੇ ਵਿੱਚ ਕੀਮਤ ਦੇ ਵੇਰਵੇ ਮੰਗ ਲਏ

ਨਵੀਂ ਦਿੱਲੀ, 31 ਅਕਤੂਬਰ, (ਪੋਸਟ ਬਿਊਰੋ)- ਭਾਰਤ ਸਰਕਾਰ ਵੱਲੋਂ ਫਰਾਂਸ ਤੋਂ ਖ਼ਰੀਦੇ ਜਾ ਰਹੇ 36 ਰਾਫ਼ਾਲ ਲੜਾਕੂ ਜੈੱਟ ਜਹਾਜ਼ਾਂ ਦੀ ਕੀਮਤ ਬਾਰੇ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਕਿਹਾ ਹੈ ਕਿ ਇਸ ਦੇ ਵੇਰਵੇ ਸੀਲਬੰਦ ਲਿਫ਼ਾਫ਼ੇ ਵਿੱਚ 10 ਦਿਨਾਂ ਦੇ ਅੰਦਰ ਉਨ੍ਹਾਂ ਕੋਲ ਜਮ੍ਹਾਂ ਕਰਵਾਏ ਜਾਣ।

ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਰੰਜਨ ਗੋਗੋਈ ਦੀ ਅਗਵਾਈ ਵਾਲੇ ਬੈਂਚ ਨੇ ਅੱਜ ਕਿਹਾ ਕਿ ਜੰਗੀ ਜਹਾਜ਼ਾਂ ਨੂੰ ਖਰੀਦਣ ਦੀ ਪ੍ਰਕਿਰਿਆ ਅਤੇ ਹੋਰ ਫ਼ੈਸਲਿਆਂ ਦੇ ਵੇਰਵੇ ਉਨ੍ਹਾਂ ਸਾਰੀਆਂ ਧਿਰਾਂ ਨੂੰ ਦਿੱਤੇ ਜਾਣ, ਜਿਨ੍ਹਾਂ ਨੇ ਸੁਪਰੀਮ ਕੋਰਟ ਵਿੱਚ ਪਟੀਸ਼ਨ ਕੀਤੀ ਹੈ। ਅਟਾਰਨੀ ਜਨਰਲ ਕੇ ਕੇ ਵੇਣੂਗੋਪਾਲ ਨੇ ਅਦਾਲਤ ਵਿੱਚ ਦੱਸਿਆ ਕਿ ਰਾਫ਼ਾਲ ਜੈਟ ਜਹਾਜ਼ਾਂ ਦੀ ਕੀਮਤ ਪਾਰਲੀਮੈਂਟ ਵਿੱਚ ਵੀ ਨਹੀਂ ਦੱਸੀ ਜਾ ਸਕਦੀ। ਚੀਫ ਜਸਟਿਸ ਦੇ ਨਾਲ ਜਸਟਿਸ ਯੂ ਯੂ ਲਲਿਤ ਅਤੇ ਜਸਟਿਸ ਕੇ ਐਮ ਜੋਜ਼ੇਫ਼ ਦੇ ਸਾਂਝੇ ਅਦਾਲਤੀ ਬੈਂਚ ਨੇ ਅਟਾਰਨੀ ਜਨਰਲ ਨੂੰ ਕਿਹਾ ਕਿ ਜੇ ਕੀਮਤ ਦੇ ਵੇਰਵੇ ਖਾਸ ਹਨ ਤੇ ਅਦਾਲਤ ਨਾਲ ਸਾਂਝੇ ਨਹੀਂ ਕੀਤੇ ਜਾ ਸਕਦੇ ਤਾਂ ਸਰਕਾਰ ਨੂੰ ਇਸ ਦਾ ਐਫੀਡੇਵਿਟ ਦੇਣਾ ਚਾਹੀਦਾ ਹੈ। ਅਦਾਲਤ ਨੇ ਸਾਫ ਕਿਹਾ ਕਿ ਇਸ ਪੜਾਅ 'ਤੇ ਕੇਂਦਰ ਸਰਕਾਰ ਵੱਲੋਂ ਰਣਨੀਤਕ ਤੇ ਗੁਪਤ ਸਮਝੇ ਜਾਂਦੇ ਵੇਰਵੇ ਅਦਾਲਤ ਅੱਗੇ ਰੱਖੇ ਜਾ ਸਕਦੇ ਹਨ ਤੇ ਇਹ ਪਟੀਸ਼ਨਰਾਂ ਵੱਲੋਂ ਪੇਸ਼ ਹੋਏ ਵਕੀਲਾਂ ਨੂੰ ਨਹੀਂ ਦਿੱਤੇ ਜਾਣੇ ਚਾਹੀਦੇ। ਉਨ੍ਹਾਂ ਕਿਹਾ ਕਿ ਇੱਕ ਭਾਰਤੀ ਭਾਈਵਾਲ ਦੀ ਸ਼ਮੂਲੀਅਤ ਬਾਰੇ ਜੇ ਕੋਈ ਜਾਇਜ਼ ਵੇਰਵੇ ਹਨ ਤਾਂ ਪਟੀਸ਼ਨਰਾਂ ਨੂੰ ਦੇਣੇ ਚਾਹੀਦੇ ਹਨ।

ਜਦੋਂ ਅਟਾਰਨੀ ਜਨਰਲ ਕੇ ਕੇ ਵੇਣੂਗੋਪਾਲ ਨੇ ਕਿਹਾ ਕਿ ਜਿਹੜੀ ਰਿਪੋਰਟ ਕੇਂਦਰ ਸਰਕਾਰ ਨੇ ਸੁਪਰੀਮ ਕੋਰਟ ਨੂੰ ਦਿੱਤੀ ਹੈ, ਉਹ ਸਰਕਾਰੀ ਭੇਦ ਐਕਟ ਹੇਠ ਆਉਂਦੀ ਹੈ ਤੇ ਉਸ ਨੂੰ ਸਾਂਝਾ ਨਹੀਂ ਕੀਤਾ ਜਾ ਸਕਦਾ ਤਾਂ ਅਦਾਲਤ ਨੇ ਸਾਫ ਕਿਹਾ ਕਿ ਗੁਪਤ ਤੇ ਰਣਨੀਤਕ ਸੂਚਨਾ ਦੱਸਣ ਦੀ ਲੋੜ ਨਹੀਂ। ਕੋਰਟ ਨੇ ਕਿਹਾ ਕਿ ਕਿਸੇ ਵੀ ਪਟੀਸ਼ਨ 'ਚ ਰਾਫ਼ਾਲ ਜੈੱਟ ਦੀ ਭਰੋਸੇਯੋਗਤਾ 'ਤੇ ਸਵਾਲ ਨਹੀਂ ਉਠਾਏ ਗਏ। ਕੇਸ ਦੀ ਅਗਲੀ ਸੁਣਵਾਈ 14 ਨਵੰਬਰ ਨੂੰ ਹੋਵੇਗੀ।

ਅੱਜ ਦੀ ਸੰਖੇਪ ਸੁਣਵਾਈ ਮੌਕੇ ਵਕੀਲ ਪ੍ਰਸ਼ਾਂਤ ਭੂਸ਼ਣ, ਜਿਨ੍ਹਾਂ ਨੇ ਦੋ ਸਾਬਕਾ ਮੰਤਰੀਆਂ ਅਰੁਣ ਸ਼ੋਰੀ ਤੇ ਯਸ਼ਵੰਤ ਸਿਨਹਾ ਨਾਲ ਮਿਲ ਕੇ ਪਟੀਸ਼ਨ ਪਾਈ ਹੈ, ਨੇ ਕਿਹਾ ਕਿ ਉਹ ਅਦਾਲਤੀ ਨਿਗਰਾਨੀ ਹੇਠ ਰਾਫ਼ਾਲ ਸੌਦੇ ਦੀ ਜਾਂਚ ਸੀ ਬੀ ਆਈ ਤੋਂ ਕਰਾਉਣ ਦੀ ਮੰਗ ਕਰਦੇ ਹਨ। ਚੀਫ਼ ਜਸਟਿਸ ਨੇ ਕਿਹਾ ਕਿ ਉਹ ਅਜੇ ਇਸ ਮੁੱਦੇ ਉੱਤੇ ਉਡੀਕ ਕਰਨ ਅਤੇ ਸੀ ਬੀ ਆਈ ਨੂੰ ਪਹਿਲਾਂ ਆਪਣਾ ਘਰ ਠੀਕ ਕਰਨ ਦੇਣ। ਆਮ ਆਦਮੀ ਪਾਰਟੀ ਦੇ ਪਾਰਲੀਮੈਂਟ ਮੈਂਬਰ ਸੰਜੇ ਸਿੰਘ ਦੇ ਵਕੀਲ ਧੀਰਜ ਸਿੰਘ ਨੇ ਜਦੋਂ ਵਿਸ਼ੇਸ਼ ਜਾਂਚ ਟੀਮ ਬਣਾਉਣ ਦੀ ਮੰਗ ਕੀਤੀ ਤਾਂ ਅਦਾਲਤ ਨੇ ਕਿਹਾ, 'ਉਨ੍ਹਾਂ (ਸੰਜੇ ਸਿੰਘ) ਦੀ ਇਸ ਵਿੱਚ ਕੀ ਦਿਲਚਸਪੀ ਹੈ? ਅਸੀਂ ਏਨੀਆਂ ਪਟੀਸ਼ਨਾਂ ਨੂੰ ਨਹੀਂ ਵਿਚਾਰ ਸਕਦੇ। ਕੀ ਤੁਸੀਂ ਰਾਫ਼ਾਲ ਜਹਾਜ਼ ਦੀ ਕੀਮਤ ਜਾਣਦੇ ਹੋ?' ਵਕੀਲ ਨੇ ਜਦੋਂ ਕਿਹਾ ਕਿ ਸੰਜੇ ਸਿੰਘ ਨੂੰ ਇਸ ਦਾ ਪਤਾ ਹੈ ਤਾਂ ਬੈਂਚ ਨੇ ਕਿਹਾ ਕਿ ਉਹ ਆਪਣੇ ਤਕ ਇਸ ਦੀ ਕੀਮਤ ਸੀਮਤ ਰੱਖਣ। ਅਦਾਲਤ ਨੇ ਕਿਹਾ: 'ਤੁਸੀਂ ਖੁਸ਼ਕਿਸਮਤਾਂ ਵਿੱਚੋਂ ਇਕ ਹੋ, ਜਿਸ ਨੂੰ ਕੀਮਤ ਦਾ ਪਤਾ ਹੈ।' ਪਟੀਸ਼ਨਰ ਵਕੀਲ ਐਮ ਐਲ ਸ਼ਰਮਾ ਨੇ ਕਿਹਾ ਕਿ ਅਗਲੀਆਂ ਵਿਧਾਨ ਸਭਾ ਚੋਣਾਂ ਪਿੱਛੋਂ ਇਸ ਕੇਸ ਉੱਤੇ ਸੁਣਵਾਈ ਕੀਤੀ ਜਾਵੇ, ਪਰ ਬੈਂਚ ਨੇ ਕਿਹਾ ਕਿ ਚੋਣਾਂ ਲਈ ਅਦਾਲਤ ਦਾ ਕੰਮ ਨਹੀਂ ਰੋਕਿਆ ਜਾ ਸਕਦਾ।







**Paramjit Deol** Broker
**CELL: 416-993-7378**
7071 Airport Rd, Suit 201, Mississauga, ON

1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated
Tel:905-405-8484
www.paramjitdeol.com
Email: pdeol3@yahoo.ca



**Your neighborhood broker, Call Paramjit Deol Today**

**BRAMPTON $89,000**
Photo Not Available
Kennedy Rd N/Vodden St E: ਬਹੁਤ ਹੀ ਵਧੀਆ ਚਲ ਰਿਹਾ ਬਿਜਨਸ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੈਫਿਕ ਫਲੋ। ਬਹੁਤ ਹੀ ਘੱਟ ਰੈਂਟ ਸਿਰਫ $3,500 ਅਤੇ ਸੇਲ $35,000 ਪ੍ਰਤੀ ਮਹੀਨਾ, 5 ਹੇਅਰ ਕਟਿੰਗ ਸਟੇਸ਼ਨ, 2 ਵਾਸ਼ ਸਟੇਸ਼ਨ, ਲੇਜ਼ਰ, ਵੈਕਸਿੰਗ,ਵੇਡਿੰਗ ਮੇਕਅਪ ਤੇ ਹੋਰ ਵੀ ਬਹੁਤ ਕੁਝ।

**HAMILTON $25/Sq Ft.**
135 James St N: ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ, ਜੈਕਸਨ ਸੁਕੇਅਰ ਦੇ ਨੇੜੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੌਂ। ਬਹੁਤ ਹੀ ਵਡਾ ਮੇਨ ਫਲੋਰ । 7,900 ਸੁਕੇਅਰ ਫੁੱਟ ਕੋਮਰਸੀਅਲ ਸਪੇਸ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ।

**BRAMPTON $2,500**
85 Calderstone Rd : ਬਹੁਤ ਹੀ ਵਧੀਆ ਲੋਕੇਸ਼ਨ ਤੇ 4 ਬੈਡਰੂਮ ਅਤੇ 4 ਵਾਸ਼ਰੂਮ ਦਾ ਡਿਟੈਚ ਡਬਲ ਸਟੋਰੀ ਘਰ ਲੀਜ਼ ਲਈ । ਮਾਡਰਨ ਕਿਚਨ, ਪਿਛਲੇ ਸਾਲ ਹੀ ਰੈਨੋਵੇਟਿਡ ਕੀਤਾ ਹੋਇਆ, 3 ਕਾਰਾਂ ਦੀ ਪਾਰਕਿੰਗ, ਗੋ ਸਟੇਸ਼ਨ, ਸ਼ਾਪਿੰਗ ਪਲਾਜ਼ਾ, ਮਾਲ ਆਦਿ ਸਹੂਲਤਾਂ ਦੇ ਨੇੜੇ।

**BRAMPTON $54,900**
255B Rutherford Rd S 06: ਵਧੀਆ ਚਲ ਰਿਹਾ ਬਿਜ਼ਨਸ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਬਹੁਤ ਹੀ ਘੱਟ ਰੈਂਟ ਅਤੇ ਸੇਲ $25,000 ਪ੍ਰਤੀ ਮਹੀਨਾ। 4 ਅਲਾਇੰਨਮੈਂਟ ਸਪੋਟਸ, ਏਅਰ ਕੰਪਰੈਸਰ, ਟਾਇਰ ਚੇਨਜਰ, ਵੀਲ ਬੈਲੇਂਸਰ, ਹੋਰ ਵੀ ਬਹੁਤ ਕੁਝ।

**BRAMPTON $249,000**
Photo Not Available
10725 Mclaughlin Rd. N: ਬਹੁਤ ਹੀ ਵਧੀਆ ਚਲ ਰਹੀ ਪਿਜਾ ਸ਼ਾਪ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ ਵਧੀਆ ਸੇਲ। $12000 ਤੋਂ ਵੱਧ ਸੇਲ। ਬਹੁਤ ਹੀ ਘੱਟ ਰੈਂਟ ਸਿਰਫ $4160/ਮਹੀਨਾ। ਹਾਈ ਟਰੇਫਿਕ ਫਲੌ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰ ਸਕਦੇ ਹੋ।

**PICKERING $59,000**
1211 Kingston Rd E 14: ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚੱਲ ਰਿਹਾ ਰੈਸਟੋਰੈਂਟ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ ਵਧੀਆ ਸੇਲ। $20,000 ਤੋਂ ਵੱਧ ਸੇਲ। ਬਹੁਤ ਹੀ ਘੱਟ ਰੈਂਟ ਸਿਰਫ । ਹਾਈ ਟਰੇਫਿਕ ਫਲੌਂ, ਅੱਜ ਹੀ ਕਾਲ ਕਰੋ।

**BRAMPTON $541,800**
Hwy 10/Bovarid: ਬਹੁਤ ਹੀ ਵਧੀਆ 3 ਬੈਡਰੂਮ ਅਤੇ 3 ਵਾਸ਼ਰੂਮ ਦਾ ਡਬਲ ਸਟੋਰੀ ਕਾਂਡੋ ਟਾਊਨ ਹਾਉਸ, ਕੁਆਰਟਜ਼ ਕਾਊਂਟਰ ਟਾਪ ਤੇ ਬੈਕਸਪਲੈਸ਼, ਸਾਰੀਆਂ ਸਹੂਲਤਾਂ ਦੇ ਨੇੜੇ ਜਿਵੇਂ ਬੱਸ ਸਟਾਪ, ਪਾਰਕ, ਸਕੂਲ ਆਦਿ।

**AJAX $169,900**
Photo Not Available
44 Hardwood Ave : ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ। ਬਹੁਤ ਹੀ ਵਧੀਆ ਚਲ ਰਿਹਾ ਰੇਸਟੋਰੈਂਟ ਵਿਕਾਊ ਹੈ। ਇਹ ਰੇਸਟੋਰੈਂਟ ਪਿਛਲੇ 10 ਸਾਲਾਂ ਤੋ ਚਲ ਰਿਹਾ ਹੈ। ਬਹੁਤ ਹੀ ਬਿਜੀ ਪਲਾਜਾ ਅਤੇ ਆਮਦਨ $25,000/ਮਹੀਨਾ।

**KITCHENER $369,999**
Ottawa/Starasburg: ਬਹੁਤ ਹੀ ਵਧੀਆ ਲੋਕੇਸ਼ਨ ਤੇ, 3+1 ਬੈਡਰੂਮ ਤੇ 4 ਵਾਸ਼ਰੂਮ ਦਾ ਟਾਊਨ ਹਾਉਸ, ਵਧੀਆ ਰੌਸ਼ਨੀ, ਸਾਰੀਆਂ ਸਹੂਲਤਾਂ ਦੇ ਨੇੜੇ।

**TORONTO $508,775**
Don Mills/Sheppard : ਟੋਰਾਂਟੋ ਵਿੱਚ ਬਹੁਤ ਹੀ ਵਧੀਆ ਲੋਕੇਸ਼ਨ ਤੇ ਬਣਿਆ 3 ਬੈਡਰੂਮ ਅਤੇ 2 ਵਾਸ਼ਰੂਮ ਦਾ ਕਾਂਡੋ ਅਪਾਰਟਮੈਂਟ । ਮਾਡਰਨ ਕਿਚਨ, ਸਟੇਨਲੈਸ ਸਟੀਲ ਅਪਲਾਂਇੰਸਸ, ਹਾਇਵੇ 401, ਸ਼ਾਪਿੰਗ ਪਲਾਜ਼ਾ, ਮਾਲ ਆਦਿ ਸਹੂਲਤਾਂ ਦੇ ਨੇੜੇ।

**BRAMPTON $629,000**
60 Lacoste Blvd.: ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, 6 ਆਫਿਸ, ਇਕ ਬੋਰਡਰੂਮ, ਰਿਸੈਪਸ਼ਨ ਅਤੇ ਆਫਿਸ ਐਡਮਿਨ ਲਈ ਥਾਂ ਸੇਲ ਤੇ। ਕੁਲ 1,524 ਸਕੇਅਰ ਫੁੱਟ ਥਾਂ ਵਿਕਾਊ ਹੈ।

**TORONTO $825,000**
Lawrence & Valia Rd.: ਬਹੁਤ ਹੀ ਸੋਹਣਾ 4 ਬੈਡਰੂਮ ਅਤੇ 3 ਵਾਸ਼ਰੂਮ ਦਾ ਡਿਟੈਚਡ ਘਰ, ਹਾਈ ਡਿਮਾਂਡ ਏਰੀਆ, ਮਾਡਰਨ ਕਿਚਨ, ਬੈਕ-ਸਪਲੈਸ਼ ਫਿਨਿਸ਼ਡ ਬੇਸਮੈਂਟ, ਹਾਰਡਵੂਡ ਫਲੋਰ, ਆਦਿ ਸਹੂਲਤਾਂ ਦੇ ਨੇੜੇ ।

**BRAMPTON $179,000**
Photo Not Available
384 Yonge St.11 : ਬਹੁਤ ਹੀ ਵਧੀਆ ਲੋਕੇਸ਼ਨ ਤੇ, ਬਿਜਨਸ ਸ਼ੂਰੂ ਕਰਨ ਦਾ ਵਧੀਆ ਮੌਕਾ। ਹਾਈ ਟਰੇਫਿਕ ਫਲੌ। ਇੰਡੋਰ ਰਿਟੇਲ ਸ਼ਾਪ, ਨਵਾਂ ਸਬਵੇ ਬਣਨ ਵਾਲੇ ਦੇ ਨੇੜੇ, ਹਾਰਡਵੂਡ ਫਲੌਰ, ਅਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ।

**TORONTO $944,000**
Keele / Finch/York Univeristy: ਬਹੁਤ ਹੀ ਸੋਹਣਾ 7+3 ਬੈਡਰੂਮ ਅਤੇ 11 ਵਾਸ਼ਰੂਮ ਦਾ ਡੀਟੈਚਡ ਡਬਲ ਸਟੋਰੀ ਘਰ, ਬਹੁਤ ਸਾਰੇ ਅਪਗਰੇਡਜ਼, ਬਹੁਤ ਹੀ ਵਧੀਆ ਲੋਕੇਸ਼ਨ, ਹਾਈ ਡਿਮਾਂਡ ਏਰੀਆ, ਰਿਟੇਲ ਇਨਕਮ $6400, ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ, ਜਰੂਰ ਦੇਖੋ !!

**BRAMPTON $849,000**
Bramalea Rd/Markham St: ਬਹੁਤ ਹੀ ਸਾਫ ਸੁਥਰਾ 4+1 ਬੈਡਰੂਮ, 4 ਵਾਸ਼ਰੂਮ ਦਾ ਡਿਟੈਚਡ ਡਬਲ ਸਟੋਰੀ ਘਰ, ਪੋਟ ਲਾਇਟਿੰਗ, ਹਾਰਡਵੂਡ ਫਲੌਰ, ਰੈਨੋਵੇਟਡ ਬੈਸਮੈਂਟ ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਸਹੂਲਤਾਂ ਦੇ ਨੇੜੇ।

**CALEDON $1,009,999**
Mayfield & McVeen : ਬਹੁਤ ਹੀ ਵਧੀਆ 3+1 ਬੈਡਰੂਮ ਅਤੇ 3 ਵਾਸ਼ਰੂਮ ਦਾ ਡਿਟੈਚਡ ਬੰਗਲੋ, ਫੂਲੀ ਅਪਗ੍ਰੇਡਡ, ਹਾਰਡਵੂਡ ਫਲੌਰ, ਫਿਨੀਸ਼ਡ ਬੇਸਮੈਂਟ, ਬਹੁਤ ਹੀ ਵਡਾ ਗਰਾਜ, ਆਦਿ ਸਹੂਲਤਾਂ ਦੇ ਨੇੜੇ।

# ਸੈਂਡਲਵੁੱਡ ਸੀਨੀਅਰ ਕਲੱਬ ਦੀ ਨਵੀਂ ਕਾਰਜਕਰਨੀ ਦੀ ਚੋਣ

ਬਰੈਂਪਟਨ: (ਡਾ ਬਲਜਿੰਦਰ ਸਿੰਘ ਸੇਖੋਂ): ਸੈਂਡਲਵੁੱਡ ਸੀਨੀਅਰ ਕਲੱਬ ਦੀ ਬੀਤੇ ਦਿਨੀ ਹੋਈ ਮੈਂਬਰਾਂ ਦੀ ਇਕ-ਤਰਤਾ ਵਿਚ ਨਵੀਂ ਕਾਰਜਕਰਨੀ ਦੀ ਸਰਭਸੰਮਤੀ ਨਾਲ ਚੋਣ ਕਰ ਲਈ ਗਈ। ਇਸ ਸਮੇਂ ਕਲੱਬ ਦੇ ਲੰਬੇ ਸਮੇਂ ਤੋਂ ਚਲੇ ਆ ਰਹੇ ਪ੍ਰਧਾਨ ਸ: ਇੰਦਰਜੀਤ ਗਰੇਵਾਲ ਵਲੋਂ ਇਸ ਜਿਮੇਵਾਰੀ ਦਾ ਭਾਰ ਕਿਸੇ ਹੋਰ ਮੈਂਬਰ ਨੂੰ ਦੇਣ ਦੀ ਇਛਾ ਪ੍ਰਗਟ ਕੀਤੀ ਗਈ। ਇਸ ਤੇ ਵਿਚਾਰ ਕਰਕੇ ਮੈਂਬਰਾਂ ਨੇ ਉਨ੍ਹਾਂ ਦੀ ਸੇਵਾਵਾਂ ਨੂੰ ਮੁੱਖ ਰਖਦਿਆਂ, ਸ: ਗਰੇਵਾਲ ਨੂੰ ਕਲੱਬ ਦਾ ਸ੍ਰਪਰਸਤ ਬਣਾਉਣ ਦਾ ਫੈਸਲਾ ਕੀਤਾ ਅਤੇ ਕਲੱਬ ਦੇ ਪ੍ਰਧਾਨ ਦੀ ਜਿਮੇਵਾਰੀ ਸ: ਰਣਜੀਤ ਸਿੰਘ ਜੋਸਨ ਨੂੰ ਸੌਂਪ ਦਿੱਤੀ ਗਈ। ਇਸ ਤੋਂ ਇਲਾਵਾ ਮੀਤ ਪ੍ਰਧਾਨ ਸ: ਹਰਕੋਮਲ ਸਿੰਘ ਧਾਲੀਵਾਲ, ਜਨਰਲ ਸਕੱਤਰ ਅਵਿਨਾਸ਼ ਭਾਰਦਵਾਜ, ਜੋਇਟ ਸਕੱਤਰ ਸ: ਦਰਸ਼ਨ ਸਿੰਘ ਦਰਾੜ ਤੇ ਖਜ਼ਾਨਚੀ ਸ: ਮਹਿਮਾਂ ਸਿੰਘ ਧਾਲੀਵਾਲ ਨੂੰ ਬਣਾਇਆ ਗਿਆ। ਇਹ ਸਾਰੇ ਮੈਂਬਰ ਪਹਿਲਾਂ ਵੀ ਕਈ ਸਾਲਾਂ ਤੋਂ ਇਹ ਸੇਵਾਵਾਂ ਨਿਭਾ ਰਹੇ ਹਨ। ਇਸ ਤੋਂ ਇਲਾਵਾ ਕੰਮ ਚਲਾਉਣ ਲਈ ਕਲੱਬ ਵਲੋਂ 9 ਡਾਇਰੈਕਟਰ ਵੀ ਸਰਭ ਸੰਮਤੀ ਨਾਲ ਚੁਣੇ ਗਏ।

ਸੈਂਡਲਵੁੱਡ ਸੀਨੀਅਰ ਕਲੱਬ, ਸੈਂਡਲਵੁੱਡ ਅਤੇ ਚਿੰਗਕੁਜ਼ੀ ਇਲਾਕੇ ਵਿਚ ਜਦ 2004 ਵਿਚ ਨਵੇਂ ਘਰ ਬਣੇ ਸਨ, ਉਸ ਸਮੇਂ ਤੋਂ ਸਰਗਰਮ ਹੈ। ਇਸ ਦੇ ਤਕਰੀਬਨ ਸਾਰੇ ਮੈਂਬਰ ਪੰਜਾਬੀ ਹਨ। ਦੂਸਰੇ ਹੋਰ ਕਲੱਬਾਂ ਦੀ ਤਰ੍ਹਾਂ ਇਹ ਕਲੱਬ ਵੀ ਅਪਣੇ ਇਲਾਕੇ ਵਿਚ ਬਹੁੱਤ ਸਰਗਰਮ ਹੈ। ਕਲੱਬ ਵਿਚ ਬਜ਼ੁਰਗ ਆ ਕੇ ਜਿਥੇ ਰੋਜ਼ਾਨਾ ਦੀਆਂ ਖਬਰਾਂ ਇੱਕ ਦੂਜੇ ਨਾਲ ਸਾਂਝੀਆਂ ਕਰਦੇ ਹਨ ਉਸ ਦੇ ਨਾਲ ਨਾਲ ਬਹੁਤੇ ਮੈਂਬਰ ਤਾਸ਼ ਖੇਡ ਕੇ ਅਪਣਾ ਮੰਨੋਰੰਜਨ ਕਰਦੇ ਹਨ। ਕਲੱਬ ਵਲੋਂ ਸਾਲ ਵਿਚ ਦੋ ਜਾਂ ਤਿੰਨ ਵਾਰ ਵੱਖ ਵੱਖ ਥਾਂਵਾਂ ਤੇ ਟੂਰਾਂ ਦਾ ਪ੍ਰਬੰਧ ਕੀਤਾ ਜਾਂਦਾ ਹੈ ਅਤੇ ਸਾਲ ਵਿਚ ਇੱਕ ਵਾਰ ਤਾਸ਼ ਦੇ ਮੁਕਾਬਲੇ ਅਯੋਜਿਤ ਕੀਤੇ ਜਾਂਦੇ ਹਨ ਅਤੇ ਚੰਗੇ ਇਨਾਮ ਦਿੱਤੇ ਜਾਂਦੇ ਹਨ। ਕਲੱਬ ਬਾਰੇ ਹੋਰ ਜਾਣਕਾਰੀ ਲਈ ਪ੍ਰਧਾਨ ਰਣਜੀਤ ਸਿੰਘ ਜੋਸਨ (647 444 2005) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਸਾਂਸਦ ਬਖਸ਼ੀ ਨੇ 16 ਸਾਲਾ ਨਿਸ਼ੀਤਾ ਗਨਾਤਰਾ ਨੂੰ ਚੁਣਿਆ ਆਪਣਾ 'ਯੂਥ ਐਮ.ਪੀ.-2019'



ਆਕਲੈਂਡ, 31 ਅਕਤੂਬਰ (ਹਰਜਿੰ-ਦਰ ਸਿੰਘ ਬਸਿਆਲਾ)-ਹਰ ਤਿੰਨ ਸਾਲ ਬਾਅਦ ਨਿਊਜ਼ੀਲੈਂਡ ਦੇ ਸੰਸਦ ਮੈਂਬਰ ਆਪਣੇ-ਆਪਣੇ ਹਲਕੇ ਵਿਚੋਂ ਇਕ ਯੂਥ ਐਮ. ਪੀ. ਚੁਣਦੇ ਹਨ। ਇਹ ਯੂਥ ਐਮ. ਪੀ. ਉਸ ਹਲਕੇ ਨੂੰ ਸਬੰਧਿਤ ਸਾਂਸਦ ਮੈਂਬਰ ਦੀ ਤਰਫ ਤੋਂ ਪਾਰਲੀਮੈਂਟ ਦੇ ਵਿਚ ਪੇਸ਼ ਕਰਦੇ ਹਨ। ਅਜਿਹਾ ਇਸ ਕਰਕੇ ਕੀਤਾ ਜਾਂਦਾ ਹੈ ਕਿ ਦੇਸ਼ ਦਾ ਨੌਜਵਾਨ ਵਰਗ ਰਾਜਨੀਤਕ, ਸੰਸਦੀ, ਅਤੇ ਲੋਕਤੰਤਰ ਪ੍ਰਣਾਲੀ ਆਦਿ ਸਿੱਖਣ ਦੇ ਵਿਚ ਅੱਗੇ ਆਵੇ ਅਤੇ ਭਵਿੱਖ ਵਿਚ ਦੇਸ਼ ਦੀ ਵਾਗਡੋਰ ਸੰਭਾਲੇ। ਲਗਪਗ 140 ਯੂਥ ਐਮ.ਪੀ. ਕੰਵਲਜੀਤ ਸਿੰਘ ਬਖਸ਼ੀ ਜੋ ਕਿ ਮੈਨੁਕਾਓ ਈਸਟ ਹਲਕੇ ਤੋਂ ਲਿਸਟ ਐਮ. ਪੀ. ਹਨ, ਨੇ ਇਸ ਸਬੰਧੀ ਆਪਣਾ ਯੂਥ ਐਮ. ਪੀ. ਚੁਣ ਲਿਆ ਹੈ। ਇਸ ਵਾਰ 16 ਕੁ ਸਾਲਾ ਦੀ ਕੁੜੀ ਨਿਸ਼ੀਤਾ ਗਨਾਤਰਾ ਦੀ ਚੋਣ ਕੀਤਾ ਗਈ ਹੈ। ਭਾਰਤੀ ਮੂਲ ਦੀ ਇਹ ਕੁੜੀ ਇਥੇ ਜਨਮੀ ਹੈ ਅਤੇ 10ਵੇਂ ਸਾਲ ਦੀ ਪੜ੍ਹਾਈ ਐਵਨਡੇਲ ਕਾਲਿਜ ਦੇ ਵਿਚ ਕਰ ਰਹੀ ਹੈ। ਸ. ਬਖਸ਼ੀ ਨੇ ਇਸ ਸਬੰਧੀ ਪੂਰੇ ਹਲਕੇ ਦੇ ਵਿਚੋ ਅਰਜ਼ੀਆਂ ਮੰਗੀਆਂ ਸਨ ਅਤੇ ਇਸ ਕੁੜੀ ਨੇ ਸਭ ਤੋਂ ਬਿਹਤਰ 250 ਸ਼ਬਦਾਂ ਦੇ ਵਿਚ ਇਹ ਵਰਨਣ ਕੀਤਾ ਸੀ ਕਿ ਯੂਥ ਐਮ. ਪੀ. ਪਾਰਲੀਮੈਂਟ ਦੇ ਲਈ ਕਿਉਂ ਚੁਣੇ ਜਾਣ।? ਮੁਲਾਕਾਤ ਦੌਰਾਨ ਇਸ ਕੁੜੀ ਨੇ ਸ. ਬਖਸ਼ੀ ਨੂੰ ਕਾਫੀ ਪ੍ਰਭਾਵਿਤ ਵੀ ਕੀਤਾ। ਭਵਿੱਖ ਦੇ ਵਿਚ ਇਹ ਕੁੜੀ ਕਾਫੀ ਕੁਝ ਰਾਜਨੀਤਕ ਕਰਨ ਦੇ ਸਮਰੱਥ ਨਜ਼ਰ ਆਈ। ਸੋ ਇਹ ਕੁੜੀ ਹੁਣ ਅਗਲੇ ਸਾਲ 2019 ਦੇ ਵਿਚ ਸ. ਬਖਸ਼ੀ ਦੀ 'ਯੂਥ ਮੈਂਬਰ ਪਾਰਲੀਮੈਂਟ' 1 ਮਾਰਚ 2019 ਤੋਂ 31 ਅਗਸਤ ਤੱਕ ਬਣੀ ਰਹੇਗੀ। ਬਖਸ਼ੀ ਨੇ ਕਿਹਾ ਹੇ ਕਿ ਯੂਥ ਐਮ. ਪੀ. ਬਨਣ ਬਾਅਦ ਇਹ ਇਕ ਬਿਹਤਰ ਮੌਕਾ ਹੁੰਦਾ ਹੈ ਕਿ ਤੁਸੀਂ ਆਪਣੀ ਕਾਬਲੀਅਤ ਦਾ ਪ੍ਰਦਰਸ਼ਨ ਕਰ ਸਕੋ, ਪਾਰਲੀਮੈਂਟ ਅਤੇ ਲੋਕਤੰਤਰ ਦੀ ਸਮੁੱਚੀ ਪ੍ਰਣਾਲੀ ਨੂੰ ਸਮਝ ਸਕੋ।

# ਵਾਤਾਵਰਣ ਨੂੰ ਬਚਾਉਣ ਲਈ ਇਸ ਦੇ ਪ੍ਰਦੂਸ਼ਣ ਦੀ ਕੀਮਤ ਚੁਕਾਉਣੀ ਪਵੇਗੀ : ਰੂਬੀ ਸਹੋਤਾ



ਬਰੈਂਪਟਨ, (ਸਿੱਖ ਸਪੋਕਸਮੈਨ ਸਮਾਚਾਰ ਸੇਵਾ) - ਬਰੈਂਪਟਨ ਨੌਰਥ ਦੀ ਮੈਂਬਰ ਪਾਰਲੀਮੈਂਟ ਰੂਬੀ ਸਹੋਤਾ ਨੂੰ ਇਹ ਪੱਕਾ ਵਿਸ਼ਵਾਸ ਹੈ ਕਿ ਸਾਨੂੰ ਸਾਰਿਆਂ ਨੂੰ ਆਪਣੇ ਬੱਚਿਆਂ ਅਤੇ ਅੱਗੋਂ ਉਨ੍ਹਾਂ ਦੇ ਬੱਚਿਆਂ ਲਈ ਵਾਤਾਵਰਣ ਵਿਚ ਆ ਰਹੀ ਤੇਜ਼ੀ ਨਾਲ ਤਬਦੀਲੀ ਦੇ ਵਿਰੁੱਧ ਲੜਨ ਦੀ ਲੋੜ ਹੈ। ਸਾਡੀ ਸਰਕਾਰ ਸਾਰੇ ਹੀ ਕੈਨੇਡਾ ਵਿਚ ਵਾਤਾਵਰਣ ਪ੍ਰਦੂਸ਼ਣ ਨੂੰ ਰੋਕਣ ਦੇ ਫ਼ਤਵੇ ਨਾਲ ਸਫ਼ਲ ਹੋਈ ਸੀ। ਸਰਕਾਰ ਕੋਲ ਵਾਤਾਵਰਣ ਨੂੰ ਬਚਾਉਣ ਤੇ ਦੇਸ਼ ਦੇ ਅਰਥਚਾਰੇ ਦੇ ਵਿਕਾਸ ਲਈ ਯੋਜਨਾ ਹੈ ਅਤੇ ਉਹ ਬੜੇ ਵਧੀਆ ਢੰਗ ਨਾਲ ਕੰਮ ਕਰ ਰਹੀ ਹੈ। ਦੇਸ਼ ਵਿਚ ਧੂੰਏਂ ਅਤੇ ਜ਼ਹਿਰੀਲੀਆਂ ਗੈਸਾਂ ਦਾ ਨਿਕਾਸ ਘੱਟ ਹੋਇਆ ਹੈ, ਅਰਥਚਾਰੇ ਵਿਚ ਵਿਕਾਸ ਹੋਇਆ ਹੈ ਅਤੇ ਦੇਸ਼ ਵਿਚ 500,000 ਨੌਕਰੀਆਂ ਦਾ ਵਾਧਾ ਹੋਇਆ ਹੈ। ਪ੍ਰੰਤੂ, ਅਜੇ ਵੀ ਹੋਰ ਬਹੁਤ ਕੁਝ ਕਰਨ ਵਾਲਾ ਹੈ।

ਸਾਡੀ ਸਰਕਾਰ ਨੇ ਸੂਬਿਆਂ ਅਤੇ ਟੈਰੀਟਰੀਆਂ ਨੂੰ ਦੋ ਸਾਲ ਦਾ ਸਮਾਂ ਦਿੱਤਾ ਤਾਂ ਜੋ ਉਹ ਆਪੋ ਆਪਣੀਆਂ ਵਾਤਾਵਰਣ ਸਬੰਧੀ ਯੋਜਨਾਵਾਂ ਤਿਆਰ ਕਰ ਸਕਣ ਜਿਨ੍ਹਾਂ ਨਾਲ ਕਰਬਨ ਦੇ ਨਿਕਾਸ ਉੱਪਰ ਯੋਗ ਟੈਕਸ ਲਗਾਇਆ ਜਾ ਸਕੇ। ਇਸ ਨਾਲ ਲੋਕਾਂ ਨੂੰ ਵਾਤਵਰਣ ਸਾਫ਼ ਰੱਖਣ ਲਈ ਇਨਸੈਂਟਿਵ ਮਿਲਦਾ ਹੈ ਅਤੇ ਇਸ ਸਮੱਸਿਆ ਦੇ ਯੋਗ ਹੱਲ ਨਿਕਲਦੇ ਹਨ। ਉਨ੍ਹਾਂ ਕਿਹਾ ਕਿ ਓਨਟਾਰੀਓ ਸੂਬੇ ਦੀ ਮੌਜੂਦਾ ਪੀ.ਸੀ. ਪਾਰਟੀ ਦੀ ਸਰਕਾਰ ਵਾਤਾਵਰਣ ਦੀ ਤਬਦੀਲੀ ਨੂੰ ਰੋਕਣ ਲਈ ਅਗਵਾਈ ਦੇਣ ਵਿਚ ਅਸਫ਼ਲ ਹੋਈ ਹੈ। ਕੈਨੇਡਾ ਸਰਕਾਰ ਓਨਟਾਰੀਓ ਵਿਚ ਕਲਾਈਮੇਟ ਐਕਸ਼ਨ ਇਨਸੈਂਟਿਵ ਰਾਹੀਂ ਇਹ ਯਕੀਨੀ ਬਣਾਏਗੀ ਕਿ ਇਸ ਸਬੰਧੀ ਇਕੱਤਰ ਹੋਈ ਟੈਕਸ ਦੀ ਰਕਮ ਲੋਕਾਂ ਨੂੰ ਸਿੱਧੀ ਵਾਪਸ ਦਿੱਤੀ ਜਾਵੇ।

ਰੂਬੀ ਸਹੋਤਾ ਨੇ ਦੱਸਿਆ ਕਿ ਹਾਊਸਹੋਲਡ ਕਲਾਈਮੇਟ ਐਕਸ਼ਨ ਇਨਸੈਂਟਿਵ ਪ੍ਰਾਪਤ ਕਰਨਗੇ ਜੋ ਬਹੁਤ ਸਾਰੇ ਪਰਿਵਾਰਾਂ ਨੂੰ ਦਿੱਤਾ ਜਾਏਗਾ ਅਤੇ ਇਹ ਉਸ ਨਾਲੋਂ ਵਧੇਰੇ ਹੋਵੇਗਾ ਜਿੰਨਾ ਉਹ ਨਵੀਂ ਪ੍ਰਣਾਲੀ ਰਾਹੀਂ ਸਰਕਾਰ ਨੂੰ ਅਦਾ ਕਰਨਗੇ। ਇਹ ਫ਼ੰਡ ਵੱਖ-ਵੱਖਸੂਬਿਆਂ ਦੇ ਸ਼ਹਿਰਾਂ, ਸਕੂਲਾਂ, ਹਸਪਤਾਲਾਂ ਅਤੇ ਬਿਜ਼ਨੈੱਸ ਅਦਾਰਿਆਂ ਨੂੰ ਊਰਜਾ ਬਚਾਉਣ ਅਤੇ ਪ੍ਰਦੂਸ਼ਣ ਘੱਟ ਕਰਨ ਲਈ ਮੁਹੱਈਆ ਕੀਤੇ ਜਾਣਗੇ ਜਿਸ ਨਾਲ ਕੈਨੇਡਾ-ਵਾਸੀ ਹੋਰ ਬੱਚਤ ਕਰ ਸਕਣ ਅਤੇ ਸਥਾਨਕ ਅਰਥਚਾਰੇ ਵਿਚ ਸੁਧਾਰ ਹੋਵੇ। ਕੈਨੇਡਾ-ਵਾਸੀ ਭਲੀ-ਭਾਂਤ ਜਾਣਦੇ ਹਨ ਕਿ ਸਾਡਾ ਦੇਸ਼ ਪ੍ਰਦੂਸ਼ਨ-ਰਹਿਤ ਨਹੀਂ ਹੈ ਅਤੇ ਕਾਰਬਨ ਪ੍ਰਦੂਸ਼ਣ ਦੀਆਂ ਕੋਈ ਸੀਮਾਂਵਾਂ ਨਹੀਂ ਹਨ। ਬਜ਼ੁਰਗ ਤੇ ਬੱਚੇ, ਸ਼ਹਿਰੀ ਤੇ ਪੇਂਡੂ, ਉੱਤਰੀ ਅਤੇ ਦੱਖਣੀ ਭਾਗ ਵਿਚ ਰਹਿਣ ਵਾਲੇ ਸਾਰੇ ਹੀ ਇਸ ਤੋਂ ਪ੍ਰਭਾਵਿਤ ਹਨ। ਰੂਬੀ ਸਹੋਤਾ ਨੇ ਕਿਹਾ ਕਿ ਪ੍ਰਦੂਸ਼ਣ ਦੀ ਰੋਕਥਾਮ ਲਈ ਅਮਲੀ ਰੂਪ ਵਿਚ ਲਿਆਂਦੇ ਜਾਣ ਵਾਲੇ ਹੱਲ ਹੀ ਸਾਰੇ ਕੈਨੇਡਾ-ਵਾਸੀਆਂ ਨੂੰ ਆਰਥਿਕ ਵਿਕਾਸ ਦੇ ਮੌਕੇ ਪ੍ਰਦਾਨ ਕਰ ਸਕਦੇ ਹਨ ਅਤੇ ਉਨ੍ਹਾਂ ਨੂੰ ਹੋਰ ਸੁਰੱਖ਼ਿਅਤ ਤੇ ਖੁਸ਼ਹਾਲ ਭਵਿੱਖ ਵੱਲ ਲਿਜਾ ਸਕਦੇ ਹਨ।

# ਸੋਨੀਆ ਸਿੱਧੂ ਨੇ ਪ੍ਰਧਾਨ ਮੰਤਰੀ ਟਰੂਡੋ ਨੂੰ ਬਰੈੱਸਟ-ਕੈਂਸਰ ਵਿਰੁੱਧ ਲੜਾਈ ਲਈ ਸਰਕਾਰ ਦੀ ਵਚਨਬੱਧਤਾ ਲਈ ਕੀਤਾ ਸੁਆਲ



ਬਰੈਂਪਟਨ, - ਅੱਠਾਂ ਵਿੱਚੋਂ ਇਕ ਔਰਤ ਨੂੰ ਜੀਵਨ ਵਿਚ ਬਰੈੱਸਟ ਕੈਂਸਰ ਦੇ ਲੱਛਣ ਪੈਦਾ ਹੋਣ ਸਬੰਧੀ ਅੰਕੜਿਆਂ ਦਾ ਹਵਾਲਾ ਦਿੰਦੇ ਹੋਏ ਇਸ ਸਬੰਧੀ ਖੋਜ ਦੀ ਮਹੱਤਤਾ ਬਾਰੇ ਬੋਲਦਿਆਂ ਹੋਇਆਂ ਬਰੈਂਪਟਨ ਸਾਊਥ ਦੀ ਪਾਰਲੀਮੈਂਟ ਮੈਂਬਰ ਸੋਨੀਆ ਸਿੱਧੂ ਵੱਲੋਂ ਹਾਊਸ ਆਫ਼ ਕਾਮਨਜ਼ ਵਿਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਫ਼ੈੱਡਰਲ ਸਰਕਾਰ ਬਰੈੱਸਟ ਕੈਂਸਰ ਵਿਰੁੱਧ ਲੜਾਈ ਲਈ ਲਏ ਜਾ ਰਹੇ ਕਦਮਾਂ ਬਾਰੇ ਸੁਆਲ ਕੀਤਾ ਗਿਆ।

ਇਸ ਦੇ ਜੁਆਬ ਵਿਚ ਪ੍ਰਧਾਨ ਮੰਤਰੀ ਨੇ ਸਪੀਕਰ ਨੂੰ ਸੰਬੋਧਨ ਹੁੰਦਿਆਂ ਹੋਇਆਂ ਪਹਿਲਾਂ ਤਾਂ ਐੱਮ.ਪੀ. ਸੋਨੀਆ ਸਿੱਧੂ ਦਾ ਸਖ਼ਤ ਮਿਹਨਤ ਕਰਨ ਅਤੇ ਇਹ ਮਹੱਤਵਪੂਰਨ ਮੁੱਦਾ ਉਠਾਉਣ ਲਈ ਧੰਨਵਾਦ ਕੀਤਾ ਅਤੇ ਫਿਰ ਕਿਹਾ ਕਿ ਹਜ਼ਾਰਾਂ ਹੀ ਕੈਨੇਡਾ-ਵਾਸੀਆਂ ਨੇ ਆਪੋ ਆਪਣੇ ਸ਼ਹਿਰਾਂ ਵਿਚ ਵੱਖ-ਵੱਖ ਕਮਿਊਨਿਟੀਆਂ ਨਾਲ ਮਿਲ ਕੇ ਬਰੈੱਸਟ-ਕੈਂਸਰ ਸਬੰਧੀ ਜਾਗਰੂਕਤਾ ਫੈਲਾਉਣ ਲਈ ਪੈਦਲ ਯਾਤਰਾਵਾਂ ਦਾ ਆਯੋਜਨ ਕੀਤਾ ਹੈ। ਉਨ੍ਹਾਂ ਕਿਹਾ ਕਿ ਇਸ ਅਕਤੂਬਰ ਮਹੀਨੇ ਜਿਸ ਨੂੰ 'ਬਰੈੱਸਟ-ਕੈਂਸਰ ਜਾਗਰੂਕਤਾ ਮਹੀਨਾ' ਕਰਾਰ ਦਿੱਤਾ ਗਿਆ ਹੈ, ਵਿਚ ਅਸੀਂ ਸਾਰੇ ਮਿਲ ਕੇ ਇਸ ਬੀਮਾਰੀ ਤੋਂ ਬਚਾਅ ਅਤੇ ਇਸ ਦੀ ਸਕਰੀਨਿੰਗ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰੀਏ।

ਉਨ੍ਹਾਂ ਕਿਹਾ,"ਅਸੀਂ ਖੋਜ ਦੀ ਮਹੱਤਤਾ ਨੂੰ ਭਲੀ-ਭਾਂਤ ਸਮਝਦੇ ਹਾਂ ਅਤੇ 'ਕੈਨੇਡੀਅਨ ਪਾਰਟਨਰਸ਼ਿਪ ਅਗੇ-ਨਸਟ ਕੈਂਸਰ' ਵਰਗੀਆਂ ਸੰਸਥਾਵਾਂ ਨੂੰ ਹਰ ਸਾਲ 50 ਮਿਲੀਅਨ ਡਾਲਰ ਦੇ ਕਰੀਬ ਇਸ ਸਬੰਧੀ ਖੋਜ ਲਈ ਸਹਾਇਤਾ ਵਜੋਂ ਦਿੰਦੇ ਹਾਂ। ਬਰੈੱਸਟ ਕੈਂਸਰ ਤੋਂ ਬਚਣ ਵਾਲਿਆਂ ਅਤੇ ਉਹ ਪਰਿਵਾਰ ਜਿਨ੍ਹਾਂ ਨੂੰ ਇਸ ਦੇ ਨਾਲ ਲੜਦਿਆਂ ਜਾਨੀ ਨੁਕਸਾਨ ਉਠਾਉਣਾ ਪਿਆ ਹੈ, ਨੂੰ ਮੈਂ ਇਹ ਵਿਸ਼ਵਾਸ ਦਿਵਾਉਣਾ ਚਾਹੁੰਦਾ ਹਾਂ ਕਿ ਅਸੀਂ ਇਸ ਬੀਮਾਰੀ ਵਿਰੁੱਧ ਲੜਾਈ ਲਈ ਓਨਾ ਚਿਰ ਟਿਕ ਕੇ ਨਹੀਂ ਬੈਠਾਂਗੇ ਜਿੰਨਾ ਚਿਰ ਅਸੀਂ ਇਸ ਦਾ ਕੋਈ ਇਲਾਜ ਨਹੀਂ ਲੱਭ ਲੈਂਦੇ।"

ਜ਼ਿਕਰਯੋਗ ਹੈ ਕਿ ਸੋਨੀਆ ਸਿੱਧੂ ਹਾਊਸ ਆਫ਼ ਕਾਮਨਜ਼ ਦੀ ਹੈੱਲਥ ਅਤੇ ਸਟੇਟੱਸ ਆਫ਼ ਵਿਮੈੱਨ ਦੋਹਾਂ ਹੀ ਸਟੈਂਡਿੰਗ ਕਮੇਟੀਆਂ ਦੇ ਮੈਂਬਰ ਹਨ ਅਤੇ ਅਕਸਰ ਹੀ ਸਿਹਤ ਸਬੰਧੀ ਮੁੱਦਿਆਂ ਦੀ ਵਕਾਲਤ ਕਰਦੇ ਹਨ ਜਿਹੜੇ ਉਨ੍ਹਾਂ ਦੀ ਬਰੈਂਪਟਨ ਸਾਊਥ ਰਾਈਡਿੰਗ ਅਤੇ ਸਮੁੱਚੇ ਕੈਨੇਡਾ ਦੇ ਲੋਕਾਂ ਦੇ ਹਿੱਤ ਵਿਚ ਹੁੰਦੇ ਹਨ।


## ਫੂਡ ਡਿਸਟਰੀਬਿਊਸ਼ਨ ਕੰਪਣੀ ਨੂੰ ਵਰਕਰਾਂ ਦੀ ਤੁਰੰਤ ਲੋੜ ਹੈ

(PART TIME/FULL TIME)

ਚੰਗੀ ਜੋਬ ਤੇ ਵਧੀਆ ਤਨਖਾਹ

**Job Description:**

- Order picking and packing as well as stocking up of shelves.
- Contribute to daily inbound or outbound warehouse operations.
- Palletize and wrap skids, Organize warehouse space, Pick and load orders quickly and accurately and other duties as required.

**Requirements:**

- Capable of lifting up to 50lbs.
- Able to speak English
- Shift time from 3pm to 11pm on week days
- Hourly rate of $16 to $17 depending upon experience

**Please Email your resume**
at siva@srimi.com or by fax at
+1 647-351-7157 or call Ram at
+1 647-831-9149 (Morning)
or Siva at +1 416-666-8525 (Evening).

## Jobs Jobs Jobs

**General Labour/ Drivers/ Window Assemblers & Machine Operators**

- Full time/Part time workers Needed
- Morning & Afternoon Shifts Available
- 12 ਘੰਟੇ ਦੀਆਂ Shifts Available ਹਨ
- 7 ਦਿਨ ਕੰਮ ਉਪਲਬੱਧ ਹੈ।
- ਦਿਨ ਅਤੇ ਰਾਤ ਦੀਆਂ ਸਾਰੀਆਂ Shifts Available ਹਨ
- ਕੰਮ ਦੀ ਟ੍ਰੇਨਿੰਗ ਪਹਿਲਾਂ ਦਿਤੀ ਜਾਵੇਗੀ

ਜਿਆਦਾ ਜਾਣਕਾਰੀ ਲਈ ਸੰਪਰਕ ਕਰੋ:-
**416.618.6030**
2355 Derry Rd E, Unit #20, 2nd Floor, Mississauga
Torbram/Derry intersection ਦੇ ਨੇੜੇ

# ASIAN FOOD CENTRE



**SERVING FROM 10 LOCATIONS IN ALL THE GTA AREA:**

1. 621 Wanless drive unit 122 Brampton ON L7A 0A9............ 905-495-3336
2. 80 Pertosa Drive Brampton ON L5X-5E9 ............ 905-460-0009
3. 2120 North park drive Brampton ON L6S 0C9 ............ 905-793-1338
4. 284 Orenda Road #13 Brampton ON L6T 5S3 ............ 905-450-9167
5. 10 Westmore Drive Etobicoke ON M9V-3Z7 ............ 416-740-3262
6. 1075 Ceremonial Drive Mississauga ON L5R-2Z4 ............ 905-502-1600
7. 308 Eddystone Ave North York ON M3N-1H7 ............ 416-740-3360
8. 10510 Torbram Road, Brampton ............ 905-790-0030
9. 10 Pannahill Dr, Brampton ............ 905 913-8017
10. 21 Lacoste Blvd, Brampton, ON L6P 2K2 ............ 905 794-8109



# ਦੀਵਾਲੀ ਸਮਾਰੋਹ 'ਚ ਸਵਾਮੀ ਆਨੰਦ ਗਿਰੀ ਜੀ ਨੇ ਕੀਤੀ ਸ਼ਿਰਕਤ




ਸਵਾਮੀ ਜੀ ਨਾਲ ਭਾਰਤ ਦੇ ਹਾਈ ਕਮਿਸ਼ਨਰ ਸ੍ਰੀ ਵਿਕਾਸ ਸਵਰੂਪ।



ਸਵਾਮੀ ਜੀ ਨਾਲ ਐੱਮ ਪੀਜ਼, ਪਰਿਵਾਰਿਕ ਦੋਸਤ

...ਪੰਨਾ 1 ਦਾ ਬਾਕੀ

ਆਪਣੀ ਜ਼ਿੰਦਗੀ ਦਾ ਵਧੇਰੇ ਸਮਾਂ ਉਨ੍ਹਾਂ ਕੇਦਾਰ, ਹਿਮਾਲਿਆ ਵਿਖੇ ਤੁੰਗਨਾਥ, ਰੁਦਰਨਾਥ, ਕਲਪੇਸ਼ਵਰ, ਮਦਮਹੇਸ਼ਵਰ, ਤ੍ਰਿਯੋਗੀ ਨਾਰਾਇਣ ਤੇ ਵਾਸੂਕਿਟਲ ਵਿਖੇ ਗਿਰੀਰਾਜ ਤੇ ਸਾਰਸਵਤ ਮਹਾਰਾਜ ਤਹਿਤ ਬਿਤਾਇਆ। ਉਨ੍ਹਾਂ ਵੇਦਾਂ ਤੇ ਆਯੁਰਵੇਦ ਵਿੱਚ ਤਾਲੀਮ ਹਾਸਲ ਕੀਤੀ। ਉਨ੍ਹਾਂ ਆਪਣੀ ਯੋਗ ਸਿੱਖਿਆ ਯੋਗਾ ਨਿਕੇਤਨ ਧਾਮ ਰਿਸ਼ੀਕੇਸ਼ ਤੋਂ ਮਹਾਮੰਡਲੇਸ਼ਵਰ ਵਿਸ਼ਵ ਗੁਰੂ ਜੀ ਮਹਾਰਾਜ ਤੋਂ ਹਾਸਲ ਕੀਤੀ। ਸਵਾਮੀ ਜੀ ਨੇ ਸਿਰਫ ਵੈਦਿਕ ਤਾਲੀਮ ਹੀ ਹਾਸਲ ਨਹੀਂ ਕੀਤੀ ਸਗੋਂ ਉਨ੍ਹਾਂ ਬਨਾਰਸ ਹਿੰਦੂ ਯੂਨੀਵਰਸਿਟੀ ਤੋਂ ਆਪਣੀ ਗ੍ਰੈਜੂਏਸ਼ਨ ਮੁਕੰਮਲ ਕੀਤੀ ਤੇ ਉਹ ਯੋਗਾ ਤੰਤਰ ਵਿੱਚ ਪੀਐਚਡੀ ਵੀ ਪੂਰੀ ਕਰ ਰਹੇ ਹਨ। ਸਵਾਮੀ ਜੀ ਛੇ ਯੂਨੀਵਰਸਿਟੀਜ਼ ਵਿੱਚ ਗੈਸਟ ਲੈਕਚਰਰ ਹਨ ਤੇ ਨੌਜਵਾਨਾਂ ਨੂੰ ਪ੍ਰੇਰਿਤ ਕਰਨ ਲਈ ਉਨ੍ਹਾਂ ਨੂੰ ਵੱਖ ਵੱਖ ਸਕੂਲਾਂ ਕਾਲਜਾਂ ਵਿੱਚ ਵੀ ਸਮੇਂ ਸਮੇਂ ਉੱਤੇ ਬੁਲਾਇਆ ਜਾਂਦਾ ਹੈ। ਉਨ੍ਹਾਂ ਦਾ ਸੁਪਨਾ ਕੌਮਾਂਤਰੀ ਪੱਧਰ ਦਾ ਗੁਰੂਕੁਲ ਖੋਲ੍ਹਣ ਦਾ ਹੈ ਜਿੱਥੇ ਵੇਦਾਂਤਾ, ਸੰਸਕ੍ਰਿਤ ਤੇ ਹੋਰਨਾਂ ਲੋਕਾਂ ਨੂੰ ਆਪਣੇ ਸੱਭਿਆਚਾਰ ਤੋਂ ਜਾਣੂ ਕਰਵਾਇਆ ਜਾਣਾ ਹੋਵੇ। ਇਸ ਸੱਭ ਤੋਂ ਇਲਾਵਾ ਸਵਾਮੀ ਜੀ ਸਵਰਨ ਭੂਮੀ ਪ੍ਰਯਾਗ ਨਾਂ ਦੀ ਕਿਤਾਬ ਵੀ ਲਿਖ ਚੁੱਕੇ ਹਨ ਜੋ ਕਿ 2013 ਵਿੱਚ ਕੁੰਭ ਮੇਲੇ ਵਿੱਚ ਰਲੀਜ਼ ਹੋਈ ਸੀ।

ਪੰਜਾਬੀ ਪੋਸਟ
Canadian Punjabi Post

Head Office
27 Armthorpe Road, Unit # 3
Brampton, Ontario, L6T 5M4
Ph. 905-793-2202
Fax. 905-793-2282

| | |
|---|---|
| Founder Editor | - Jagdish Singh Grewal |
| Managing Director | - Parminder Kaur Grewal |
| Honorary Editor | - Jatinder Pannu |
| Contributing Editors | - Karam Singh Punia<br>- Gyan Singh<br>- Angrej Singh |
| Office Admin Assistant | - Priya Sodhi |
| Marketing Executives | - HS Nagpal<br>- Gurpreet Singh Pall<br>- |
| Photographer | - Kanwaljit Singh Kanwal |
| Distribution | - Aman Warriach |

Canadian Punjabi Post is published daily (Monday - Friday). All the advertisement contents are the responsibility of the advertisers. The opinions expressed in the articles and columns are those of the writers, editor or any other staff member of Canadian Punjabi Post assumes no responsibility of any kind.

# ਮੋਦੀ ਨੇ ਸਰਦਾਰ ਪਟੇਲ ਦਾ 'ਸਟੈਚੂ ਆਫ਼ ਯੂਨਿਟੀ' ਦੇਸ਼ ਦੇ ਲੋਕਾਂ ਨੂੰ ਅਰਪਣ ਕੀਤਾ

## * ਬੁੱਤ ਦਾ ਵਿਰੋਧ ਕਰਦੇ ਪੰਜ ਕਬਾਇਲੀ ਗ੍ਰਿਫ਼ਤਾਰ



ਕੇਵੜੀਆ (ਗੁਜਰਾਤ), 31 ਅਕਤੂਬਰ, (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਬੁੱਧਵਾਰ ਨੂੰ ਸਰਦਾਰ ਵੱਲਭ ਭਾਈ ਪਟੇਲ ਦਾ 182 ਮੀਟਰ ਉੱਚਾ ਬੁੱਤ ਭਾਰਤ ਦੇ ਲੋਕਾਂ ਨੂੰ ਸਮਰਪਿਤ ਕੀਤਾ। 'ਲੋਹ ਪੁਰਸ਼' ਕਹੇ ਜਾਂਦੇ ਪਟੇਲ ਦਾ ਇਹ ਬੁੱਤ ਦੁਨੀਆ ਦੀ ਸਭ ਤੋਂ ਉੱਚੀ ਯਾਦਗਾਰ ਹੈ।

ਇਸ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਇਹ ਬੁੱਤ ਭਾਰਤ ਦੇ ਟੋਟੇ ਕਰਨ ਦੀ ਸਾਜ਼ਿਸ਼ ਰੋਕਣ ਲਈ ਪਟੇਲ ਦੇ ਹੌਸਲੇ ਦੀ ਯਾਦ ਦਿਵਾਵੇਗਾ। ਯਾਦਗਾਰ ਉਸਾਰਨ ਦੇ ਫ਼ੈਸਲੇ ਦੀ ਨੁਕਤਾਚੀਨੀ ਕਰਨ ਵਾਲਿਆਂ ਬਾਰੇ ਨਰਿੰਦਰ ਮੋਦੀ ਨੇ ਕਿਹਾ ਕਿ ਸਰਦਾਰ ਪਟੇਲ ਵਰਗੇ ਕੌਮੀ ਨਾਇਕਾਂ ਲਈ ਅਜਿਹੀਆਂ ਯਾਦਗਾਰਾਂ ਉਸਾਰ ਕੇ ਕੀ ਉਨ੍ਹਾਂ ਕੋਈ ਗੁਨਾਹ ਕੀਤਾ ਹੈ। ਗੁਜਰਾਤ ਦੇ ਨਰਮਦਾ ਜ਼ਿਲ੍ਹੇ 'ਚ ਸਰਦਾਰ ਸਰੋਵਰ ਡੈਮ ਨੇੜੇ ਸਾਧੂ ਬੇਟ 'ਤੇ ਬਣੇ ਇਸ ਬੁੱਤ ਨੂੰ 'ਸਟੈਚੂ ਆਫ਼ ਯੂਨਿਟੀ' ਦਾ ਨਾਮ ਦਿੱਤਾ ਗਿਆ ਹੈ ਅਤੇ ਇਸ ਦੀ ਉਚਾਈ ਅਮਰੀਕਾ 'ਚ 'ਸਟੈਚੂ ਆਫ਼ ਲਿਬਰਟੀ' ਤੋਂ ਦੁੱਗਣੀ ਹੈ ਅਤੇ ਇਹ ਚੀਨ ਦੇ 153 ਮੀਟਰ ਬੋਧੀ ਮੰਦਿਰ ਤੋਂ ਵੱਡਾ ਹੈ। ਮੋਦੀ ਨੇ ਗੁਜਰਾਤ ਦਾ ਮੁੱਖ ਮੰਤਰੀ ਹੁੰਦਿਆਂ ਇਸ ਯਾਦਗਾਰ ਦਾ 2013 ਵਿੱਚ ਨੀਂਹ ਪੱਥਰ ਰੱਖਿਆ ਸੀ। ਵਰਨਣ ਯੋਗ ਹੈ ਕਿ ਆਜ਼ਾਦ ਭਾਰਤ ਦੇ ਪਹਿਲੇ ਗ੍ਰਹਿ ਮੰਤਰੀ ਸਰਦਾਰ ਪਟੇਲ ਨੇ 550 ਰਿਆਸਤਾਂ ਦਾ ਭਾਰਤ ਵਿੱਚ ਰਲੇਵਾਂ ਕਰਵਾਇਆ ਸੀ। ਸਰਦਾਰ ਪਟੇਲ ਦੇ 143ਵੀਂ ਜਨਮ ਦਿਨ ਮੌਕੇ ਹੋਏ ਇਸ ਸਮਾਗਮ ਵਿੱਚ ਗੁਜਰ-ਾਤ ਦੇ ਗਵਰਨਰ ਓ ਪੀ ਕੋਹਲੀ, ਮੁੱਖ ਮੰਤਰੀ ਵਿਜੇ ਰੂਪਾਨੀ ਅਤੇ ਭਾਜਪਾ ਦੇ ਪ੍ਰਧਾਨ ਅਮਿਤ ਸ਼ਾਹ ਸਮੇਤ ਹੋਰ ਕਈ ਆਗੂ ਹਾਜ਼ਰ ਸਨ। ਬੁੱਤ ਦਾ ਨਿਰਮਾਣ 2989 ਕਰੋੜ ਦੀ ਲਾਗਤ ਨਾਲ ਕੀਤਾ ਗਿਆ ਹੈ।

ਨਰਿੰਦਰ ਮੋਦੀ ਨੇ ਭਾਸ਼ਣ ਕਰਦਿਆਂ ਕਿਹਾ, "ਸਰਦਾਰ ਦਾ ਬੁੱਤ ਏਕਤਾ ਦਾ ਸੂਤਰ ਹੈ ਅਤੇ ਸਾਨੂੰ ਦੇਸ਼ ਨੂੰ 'ਏਕ ਭਾਰਤ ਸ਼੍ਰੇਸ਼ਠ ਭਾਰਤ' ਦਾ ਸੁਪਨਾ ਲੈ ਕੇ ਅੱਗੇ ਵਧਣਾ ਚਾਹੀਦਾ ਹੈ।" ਉਨ੍ਹਾਂ ਦਾਅਵਾ ਕੀਤਾ ਕਿ ਪਿਛਲੇ ਚਾਰ ਸਾਲਾਂ ਦੌਰਾਨ ਭਾਰਤ ਸਰਕਾਰ ਨੇ ਡਾਕਟਰ ਬੀ ਆਰ ਅੰਬੇਦਕਰ ਤੇ ਸ਼ਿਆਮਜੀ ਕ੍ਰਿਸ਼ਨ ਵਰਮਾ ਸਣੇ ਕਈ ਹਸਤੀਆਂ ਦੀਆਂ ਯਾਦਗਾਰਾਂ ਬਣਾਈਆਂ ਹਨ। ਉਨ੍ਹਾਂ ਮੁੰਬਈ 'ਚ ਛਤਰਪਤੀ ਸ਼ਿਵਾਜੀ ਦੇ ਬੁੱਤ ਅਤੇ ਨੇਤਾਜੀ ਸੁਭਾਸ਼ ਚੰਦਰ ਬੋਸ ਦੀ ਯਾਦ ਵਿੱਚ ਬਣ ਰਹੇ ਇੱਕ ਅਜਾਇਬਘਰ ਸਮੇਤ ਹੋਰ ਬਣ ਰਹੀਆਂ ਯਾਦਗਾਰਾਂ ਵੀ ਦੱਸੀਆਂ। ਉਨ੍ਹਾਂ ਕਿਹਾ ਕਿ ਦੇਸ਼ ਦੇ ਕੁਝ ਲੋਕ ਉਨ੍ਹਾਂ ਦੇ ਕਦਮਾਂ ਨੂੰ ਸਿਆਸੀ ਅੱਖ ਨਾਲ ਦੇਖਦੇ ਹਨ। ਸਰਦਾਰ ਪਟੇਲ ਵਰਗੇ ਕੌਮੀ ਨਾਇਕਾਂ ਦੇ ਯੋਗਦਾਨ ਦੀ ਸ਼ਲਾਘਾ ਕਰਨ 'ਤੇ ਸਾਡੀ ਆਲੋਚਨਾ ਹੋ ਰਹੀ ਹੈ। ਸਾਨੂੰ ਅਹਿਸਾਸ ਕਰਾਇਆ ਜਾਂਦਾ ਹੈ ਕਿ ਅਸੀਂ ਗੰਭੀਰ ਗੁਨਾਹ ਕਰ ਦਿੱਤਾ ਹੈ। ਆਪਣੇ 55 ਮਿੰਟਾਂ ਦੇ ਭਾਸ਼ਣ ਵਿੱਚ ਉਨ੍ਹਾਂ ਕਿਹਾ ਕਿ ਇਹ ਕਰੋੜਾਂ ਭਾਰਤੀ ਲੋਕਾਂ ਦੇ ਜਜ਼ਬਾਤ ਸਨ ਕਿ ਜਿਸ ਆਗੂ ਨੇ ਇਸ ਦੇਸ਼ ਨੂੰ ਜੋੜਿਆ, ਉਸ ਦਾ ਬਣਦਾ ਸਨਮਾਨ ਹੋਣਾ ਚਾਹੀਦਾ ਹੈ।

ਇਸ ਦੌਰਾਨ ਸਰਦਾਰ ਵੱਲਭ ਭਾਈ ਪਟੇਲ ਦੇ ਬੁੱਤ 'ਸਟੈਚੂ ਆਫ਼ ਯੂਨਿਟੀ' ਦਾ ਵਿਰੋਧ ਕਰਦੇ ਕਬਾਈਲੀ ਆਗੂ ਪ੍ਰਫੁੱਲ ਵਸਾਵਾ ਤੇ ਚਾਰ ਹੋਰਨਾਂ ਨੂੰ ਨਰਮਦਾ ਜ਼ਿਲ੍ਹੇ ਦੇ ਰਾਜਪੀਪਲਾ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ। ਕਬਾਈਲੀ ਆਗੂਆਂ ਦੇ ਇਕ ਵਰਗ ਨੇ ਨਰਮਦਾ ਅਤੇ ਭਰੁਚ ਨਾਲ ਦੇ ਜ਼ਿਲ੍ਹਿਆਂ ਦੇ ਕੁਝ ਹਿੱਸਿਆਂ 'ਚ ਬੰਦ ਰੱਖਿਆ। ਉਨ੍ਹਾਂ ਦੋਸ਼ ਲਾਇਆ ਕਿ ਯਾਦਗਾਰ ਦੀ ਉਸਾਰੀ ਨਾਲ ਵਿਕਾਸ ਰੁਕ ਗਿਆ ਤੇ ਕੁਦਰਤੀ ਵਸੀਲੇ ਨਸ਼ਟ ਹੋਏ ਹਨ। ਵਸਾਵਾ ਤੇ ਹੋਰਾਂ ਨੇ ਰਾਜਪੀਪਲਾ ਦੇ ਬਾਹਰ ਰੋਸ ਮਾਰਚ ਵੀ ਕੱਢਿਆ, ਜੋ ਉਦਘਾਟਨ ਵਾਲੀ ਥਾਂ ਤੋਂ 23 ਕਿਲੋਮੀਟਰ ਦੂਰ ਸੀ। ਉਨ੍ਹਾਂ ਨੇ ਰੋਸ ਵਜੋਂ ਕਾਲੇ ਗੁਬਾਰੇ ਛੱਡੇ ਅਤੇ 'ਮੋਦੀ ਵਾਪਸ ਜਾਓ' ਦੇ ਨਾਅਰੇ ਲਾਏ। ਨਰਮਦਾ ਜ਼ਿਲ੍ਹੇ ਦੇ ਅਧਿਕਾਰੀਆਂ ਨੇ ਦਾਅਵਾ ਕੀਤਾ ਕਿ ਸਾਰੇ ਬਾਜ਼ਾਰ ਪੂਰੀ ਤਰ੍ਹਾਂ ਖੁੱਲ੍ਹੇ ਸਨ, ਪਰ ਭਰੁਚ ਦੇ ਕੁਲੈਕਟਰ ਰਵੀ ਕੁਮਾਰ ਅਰੋੜਾ ਨੇ ਕਿਹਾ ਕਿ ਬੰਦ ਦੇ ਸੱਦੇ ਨਾਲ ਨੇਤਰੰਗ ਤੇ ਝਗਾੜੀਆ ਤਹਿਸੀਲਾਂ 'ਚ ਜਨਜੀਵਨ ਠੱਪ ਰਿਹਾ। ਇਸ ਤੋਂ ਪਹਿਲਾਂ 29 ਅਕਤੂਬਰ ਨੂੰ ਸਰਦਾਰ ਸਰੋਵਰ ਡੈਮ ਨੇੜਲੇ 22 ਪਿੰਡਾਂ ਦੇ ਸਰਪੰਚਾਂ ਨੇ ਨਰਿੰਦਰ ਮੋਦੀ ਨੂੰ ਪੱਤਰ ਲਿਖ ਕੇ ਆਖਿਆ ਸੀ ਕਿ ਇਨ੍ਹਾਂ ਪਿੰਡਾਂ ਦੇ ਲੋਕ ਉਨ੍ਹਾਂ ਦਾ ਸਵਾਗਤ ਨਹੀਂ ਕਰਨਗੇ। ਸਥਾਨਕ ਕਬਾਈਲੀ ਆਗੂਆਂ ਦੇ ਇਕ ਵਰਗ ਨੇ ਇਸ ਸਮਾਗਮ ਦੇ ਬਾਈਕਾਟ ਦਾ ਐਲਾਨ ਕੀਤਾ ਸੀ।

# ਟੋਰੀਜ਼ ਨਾਲ ਰੰਜਿਸ਼ ਕਾਰਨ ਬ੍ਰਾਊਨ ਨੂੰ ਸਹਿਣਾ ਪੈ ਰਿਹਾ ਹੈ ਨੁਕਸਾਨ ?

...ਪੰਨਾ 1 ਦਾ ਬਾਕੀ

ਪਰ ਬ੍ਰਾਊਨ ਨੇ ਆਖਿਆ ਕਿ ਉਨ੍ਹਾਂ ਹਮੇਸ਼ਾਂ ਇਹੋ ਮੰਨ ਕੇ ਕੰਮ ਕੀਤਾ ਕਿ ਉਨ੍ਹਾਂ ਉਹੀ ਕੁੱਝ ਕੀਤਾ ਜੋ ਕਿ ਕੈਨੇਡਾ ਤੇ ਓਨਟਾਰੀਓ ਲਈ ਸਹੀ ਸੀ। ਉਦੋਂ ਤੋਂ ਹੀ ਬ੍ਰਾਊਨ ਨੇ ਸੱਭ ਤੋਂ ਪਹਿਲਾਂ ਪੀਲ ਰੀਜਨ ਚੇਅਰ ਵਜੋਂ ਸਿਆਸਤ ਵਿੱਚ ਮੁੜਨ ਦੀ ਕੋਸ਼ਿਸ਼ ਕੀਤੀ। ਪਰ ਇਸ ਕੋਸ਼ਿਸ਼ ਨੂੰ ਫੋਰਡ ਸਰਕਾਰ ਵੱਲੋਂ ਜੁਲਾਈ ਵਿੱਚ ਉਦੋਂ ਖਤਮ ਕਰ ਦਿੱਤਾ ਗਿਆ ਜਦੋਂ ਪੀਲ, ਯੌਰਕ ਤੇ ਮਸਕੋਕਾ ਖਿੱਤਿਆਂ ਵਿੱਚ ਰੀਜਨਲ ਚੇਅਰ ਚੋਣਾਂ ਦੀ ਯੋਜਨਾ ਹੀ ਰੱਦ ਕਰ ਦਿੱਤੀ ਗਈ। ਅਜਿਹਾ ਮਿਊਂਸਪਲ ਚੋਣਾਂ ਦੀਆਂ ਨਾਮਜ਼ਦਗੀਆਂ ਬੰਦ ਹੋਣ ਤੋਂ ਠੀਕ ਇੱਕ ਦਿਨ ਪਹਿਲਾਂ ਹੋਇਆ।

ਅਗਲੇ ਦਿਨ ਬ੍ਰਾਊਨ ਨੇ ਬਰੈਂਪਟਨ ਦੇ ਮੇਅਰ ਦੀ ਦੌੜ ਵਿੱਚ ਸ਼ਾਮਲ ਹੋਣ ਲਈ ਆਪਣਾ ਨਾਂ ਰਜਿਸਟਰ ਕਰਵਾ ਦਿੱਤਾ। ਬ੍ਰਾਊਨ ਤੇ ਉਸ ਦੀ ਸਾਬਕਾ ਪਾਰਟੀ ਵਿੱਚ ਦਰਾਰ ਦੀਆਂ ਅਫਵਾਹਾਂ ਨੇ ਉਦੋਂ ਹੋਰ ਜ਼ੋਰ ਫੜ੍ਹ ਲਿਆ ਜਦੋਂ ਫੋਰਡ ਦੇ ਕੈਂਪੇਨ ਮੈਨੇਜਰ ਮਾਈਕਲ ਡਾਇਮੰਡ ਤੇ ਦੋ ਸਾਬਕਾ ਪੀਸੀ ਪਾਰਟੀ ਪ੍ਰੈਜ਼ੀਡੈਂਟਸ ਨੇ ਸਤੰਬਰ ਵਿੱਚ ਟੋਰਾਂਟੋ ਅਲਬਾਨੀ ਕਲੱਬ ਵਿੱਚ ਮੇਅਰ ਲਿੰਡਾ ਜੈਫਰੀ ਲਈ ਫੰਡਰੇਜ਼ਰ ਦਾ ਆਯੋਜਨ ਕੀਤਾ ਤੇ ਉਸ ਦਾ ਸਮਰਥਨ ਕੀਤਾ। ਇੱਥੇ ਦੱਸਣਾ ਬਣਦਾ ਹੈ ਕਿ ਜੈਫਰੀ ਪੀਸੀ ਪਾਰਟੀ ਦੀ ਸਿਆਸੀ ਵਿਰੋਧੀ ਰਹਿ ਚੁੱਕੀ ਹੈ ਤੇ ਡਾਲਟਨ ਮੈਗਿੰਟੀ ਤੇ ਕੈਥਲੀਨ ਵਿੰਨ ਦੀਆਂ ਲਿਬਰਲ ਸਰਕਾਰਾਂ ਵਿੱਚ ਬਰੈਂਪਟਨ ਤੋਂ ਐਮਪੀਪੀ ਵਜੋਂ ਵੀ ਸੇਵਾ ਨਿਭਾਅ ਚੁੱਕੀ ਹੈ।

22 ਅਕਤੂਬਰ ਨੂੰ ਹੋਈਆਂ ਮਿਊਂਸਪਲ ਚੋਣਾਂ ਵਿੱਚ ਬ੍ਰਾਊਨ ਨੇ ਜੈਫਰੀ ਨੂੰ ਹਰਾ ਦਿੱਤਾ ਤੇ ਮੇਅਰ ਬਣ ਗਏ। ਹੁਣ ਇਹ ਚਰਚਾ ਆਮ ਹੈ ਕਿ ਪੀਸੀ ਸਰਕਾਰ ਵੱਲੋਂ ਬ੍ਰਾਊਨ ਨਾਲ ਦੁਸ਼ਮਣੀ ਦੇ ਚੱਲਦਿਆਂ ਹੀ ਤਿੰਨ ਯੂਨੀਵਰਸਿਟੀ ਕੈਂਪਸਾਂ ਦੇ ਪਸਾਰ ਲਈ ਫੰਡਾਂ ਨੂੰ ਰੱਦ ਕੀਤਾ ਗਿਆ ਹੈ। ਜਦਕਿ ਬ੍ਰਾਊਨ ਦਾ ਮੰਨਣਾ ਹੈ ਕਿ ਭਾਵੇਂ ਪਾਰਟੀ ਵਿੱਚ ਉਨ੍ਹਾਂ ਦੇ ਦੁਸ਼ਮਣ ਪੈਦਾ ਹੋ ਗਏ ਹਨ ਪਰ ਇਨ੍ਹਾਂ ਫੰਡਾਂ ਨੂੰ ਰੱਦ ਕੀਤੇ ਜਾਣ ਦਾ ਉਨ੍ਹਾਂ ਨਾਲ ਕਿਸੇ ਦੁਸ਼ਮਣੀ ਦਾ ਕੋਈ ਲੈਣਾ ਦੇਣਾ ਨਹੀਂ ਹੈ। ਦੂਜੇ ਪਾਸੇ ਪ੍ਰੀਮੀਅਰ ਤੇ ਪੀਸੀ ਪਾਰਟੀ ਵੱਲੋਂ ਵੀ ਬ੍ਰਾਊਨ ਨਾਲ ਕਿਸੇ ਤਰ੍ਹਾਂ ਦੀ ਨਿਜੀ ਰੰਜਿਸ਼ ਤੋਂ ਇਨਕਾਰ ਕੀਤਾ ਗਿਆ ਹੈ। ਪ੍ਰੀਮੀਅਰ ਆਫਿਸ ਦੇ ਬੁਲਾਰੇ ਸਾਇਮਨ ਜੈਫਰੀਜ਼ ਨੇ ਸਪਸ਼ਟ ਕੀਤਾ ਕਿ ਪ੍ਰੀਮੀਅਰ ਡੱਗ ਫੋਰਡ ਤਾਂ ਬ੍ਰਾਊਨ ਸਮੇਤ ਨਵੇਂ ਚੁਣੇ ਗਏ ਸਾਰੇ ਮਿਊਂਸਪਲ ਸਿਆਸਤਦਾਨਾਂ ਨਾਲ ਰਲ ਕੇ ਕੰਮ ਕਰਨ ਦੇ ਤਾਂਘਵਾਨ ਹਨ।

# ਨਾਹਲ ਪਰਿਵਾਰ ਨੂੰ ਸਦਮਾ, ਮਾਤਾ ਜੀ ਗੁਰਬਚਨ ਕੌਰ ਨਹੀਂ ਰਹੇ



ਪੰਜਾਬੀ ਭਾਈਚਾਰੇ ਦੀ ਜਾਣੀ ਪਹਿਚਾਣੀ ਸਖ਼ਸ਼ੀਅਤ ਸ: ਸਵਰਨ ਸਿੰਘ ਨਾਹਲ ਦੇ ਮਾਤਾ ਜੀ ਸ਼੍ਰੀਮਤੀ ਗੁਰਬਚਨ ਕੌਰ ਬੀਤੇ ਦਿਨੀਂ ਆਪਣੀ 94 ਸਾਲਾਂ ਦੀ ਉਮਰ ਭੋਗਕੇ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ ਹਨ। ਉਨ੍ਹਾਂ ਦੇ ਅੰਤਿਮ ਸੰਸਕਾਰ ਬਰੈਂਪਟਨ ਕ੍ਰੀਮੇਸ਼ਨ ਤੇ ਵਿਜ਼ੀਟੇਸ਼ਨ ਸੈਂਟਰ, ਜੋ ਕਿ 30 ਬਰੈਮਵਿਨ ਕੋਰਟ ਬਰੈਂਪਟਨ ਵਿਖੇ ਸਥਿਤ ਹੈ, ਸਨਿਚਰਵਾਰ ਨਵੰਬਰ 3 ਨੂੰ ਸਵੇਰੇ 11 ਵਜੇ ਤੋ ਦੁਪਹਿਰ 1 ਵਜੇ ਤੱਕ ਰੱਖੇ ਗਏ ਹਨ। ਇਨ੍ਹਾਂ ਨਮਿਤ ਰੱਖੇ ਸਹਿਜ ਪਾਠ ਦੇ ਭੋਗ ਤੇ ਅੰਤਿਮ ਅਰਦਾਸ ਡਿਕਸੀ ਗੁਰੂਘਰ ਵਿਖੇ ਦੁਪਹਿਰ 2 ਤੋਂ ਸ਼ਾਮ 4 ਵਜੇ ਤੱਕ ਹੋਵੇਗੀ। ਪਰਿਵਾਰ ਨਾਲ ਦੁੱਖ ਵਿਚ ਸ਼ਰੀਕ ਹੋਣ ਲਈ ਜਾਂ ਹੋਰ ਜਾਣਕਾਰੀ ਲਈ ਸ: ਸਵਰਨ ਸਿੰਘ ਨਾਹਲ ਨਾਲ 416-885-1661 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

# 2021 ਤੱਕ ਹੋਰ ਇਮੀਗ੍ਰੈਂਟਸ ਨੂੰ ਕੈਨੇਡਾ ਦਾਖਲ ਹੋਣ ਦੀ ਖੁੱਲ੍ਹ ਦਿੱਤੀ ਜਾਵੇਗੀ : ਹੁਸੈਨ

ਓਟਵਾ, 31 ਅਕਤੂਬਰ (ਪੋਸਟ ਬਿਊਰੋ) : ਬੁੱਧਵਾਰ ਨੂੰ ਇਮੀਗ੍ਰੇਸ਼ਨ ਮੰਤਰੀ ਅਹਿਮਦ ਹੁਸੈਨ ਨੇ ਦੱਸਿਆ ਕਿ ਕੈਨੇਡਾ 2021 ਵਿੱਚ 40,000 ਹੋਰ ਇਮੀਗ੍ਰੈਂਟਸ ਨੂੰ ਕੈਨੇਡਾ ਦਾਖਲ ਹੋਣ ਦੀ ਖੁੱਲ੍ਹ ਦੇਵੇਗਾ।



ਕੈਨੇਡਾ ਵਿੱਚ ਇਮੀਗ੍ਰੈਂਟਸ ਦਾ ਟੀਚਾ 350,000 ਤੱਕ ਵੱਧ ਜਾਵੇਗਾ, ਜੋ ਕਿ ਦੇਸ਼ ਦੀ ਆਬਾਦੀ ਦਾ ਇੱਕ ਫੀ ਸਦੀ ਬਣਦਾ ਹੈ। ਸਰਕਾਰ ਦੇ ਅਪਡੇਟਿਡ ਮਲਟੀ-ਯੀਅਰ ਇਮੀਗ੍ਰੇਸ਼ਨ ਲੈਵਲਜ਼ ਪਲੈਨ, ਜੋ ਕਿ ਅਗਲੇ ਤਿੰਨ ਸਾਲਾਂ ਲਈ ਹੈ, ਦੇ ਹਿੱਸੇ ਵਜੋਂ ਇਹ ਅੰਕੜੇ ਬੁੱਧਵਾਰ ਨੂੰ ਐਲਾਨੇ ਗਏ। ਇਸ ਸਾਲ 310,000 ਦੇ ਮੁਕਾਬਲੇ ਟੀਚਾ ਵੱਧ ਗਿਆ ਹੈ। ਕੈਨੇਡਾ ਆਉਣ ਵਾਲਿਆਂ ਵਿੱਚੋਂ ਵੱਡੀ ਗਿਣਤੀ ਇਕਨੌਮਿਕ ਪ੍ਰੋਗਰਾਮਾਂ ਤਹਿਤ ਆਉਣ ਵਾਲਿਆਂ ਦੀ ਹੈ। ਇਹ ਪ੍ਰੋਗਰਾਮ ਖਾਸ ਤੌਰ ਉੱਤੇ ਹੁਨਰਮੰਦ ਕਾਮਿਆਂ ਦੀ ਘਾਟ ਤੇ ਲੇਬਲ ਮਾਰਕਿਟ ਦੇ ਪਾੜੇ ਨੂੰ ਖਤਮ ਕਰਨ ਲਈ ਤਿਆਰ ਕੀਤੇ ਗਏ ਹਨ।

ਹੁਸੈਨ ਨੇ ਆਖਿਆ ਕਿ ਦੇਸ਼ ਭਰ ਵਿੱਚ ਇਕਨੌਮਿਕ ਇਮੀਗ੍ਰੇਸ਼ਨ ਦੀ ਬਹੁਤ ਲੋੜ ਹੈ। ਦੇਸ਼ ਦੇ ਅਜਿਹੇ ਇਲਾਕਿਆਂ ਵਿੱਚ ਕਾਮਿਆਂ ਦੀ ਤਾਂ ਘਾਟ ਹੈ ਹੀ ਸਗੋਂ ਬਜ਼ੁਰਗ ਆਬਾਦੀ ਵੀ ਬਹੁਤੀ ਗਿਣਤੀ ਵਿੱਚ ਹੈ। ਉਨ੍ਹਾਂ ਆਖਿਆ ਕਿ ਇਸ ਯੋਜਨਾ ਨਾਲ ਅਸੀਂ ਗਲੋਬਲ ਮਾਰਕਿਟ ਵਿੱਚ ਮੁਕਾਬਲੇਬਾਜ਼ੀ ਵਿੱਚ ਮੁੜ ਨਿੱਤਰ ਸਕਾਂਗੇ। ਇੱਥੇ ਦੱਸਣਾ ਬਣਦਾ ਹੈ ਕਿ ਇਮੀਗ੍ਰੇਸ਼ਨ ਦੀ ਪੈਰਵੀ ਕਰਨ ਵਾਲਿਆਂ ਵਿੱਚੋਂ ਕਈਆਂ ਨੇ ਤੇ ਇਕਨੌਮਿਕ ਗਰੁੱਪਜ਼ ਨੇ ਕੈਨੇਡਾ ਦੇ ਇਮੀਗ੍ਰੇਸ਼ਨ ਅੰਕੜਿਆਂ ਵਿੱਚ ਵਾਧਾ ਕਰਨ ਦੀ ਮੰਗ ਕੀਤੀ ਹੈ।

ਇਸ ਤੋਂ ਇਲਾਵਾ ਕੈਨੇਡਾ ਵੱਲੋਂ 2021 ਤੱਕ ਮਨੁੱਖਤਾ ਦੇ ਆਧਾਰ ਉੱਤੇ ਰਫਿਊਜੀਆਂ ਦੀ ਗਿਣਤੀ ਵਿੱਚ ਵੀ ਵਾਧਾ ਕੀਤੇ ਜਾਣ ਦੀ ਸੰਭਾਵਨਾ ਹੈ। ਇਸ ਪ੍ਰੋਗਰਾਮ ਤਹਿਤ 2021 ਤੱਕ ਰਫਿਊਜੀਆਂ ਦੀ ਗਿਣਤੀ ਜੋ ਹੁਣ 43000 ਹੈ ਤੋਂ ਵੱਧ ਕੇ 51,700 ਹੋ ਜਾਵੇਗੀ।

## ਦੁੱਖ ਦਾ ਪ੍ਰਗਟਾਵਾ

ਬਲੂ ਓਕ ਸੀਨੀਅਰਜ਼ ਕਲੱਬ ਬਰੈਂਪਟਨ ਦੇ ਸਰਗਰਮ ਮੈਂਬਰ ਅਤੇ ਸਮਾਜਸੇਵੀ ਰਾਜ ਝਜ ਦੇ ਪਿਤਾ ਸ. ਗੁਰਮੇਲ ਸਿੰਘ ਝਜ ਦਾ ਪਿਛਲੇ ਦਿਨੀ ਭਾਰਤ ਵਿਚ ਅਚਾਨਕ ਦੇਹਾਂਤ ਹੋ ਗਿਆ ਸੀ। ਉਨ੍ਹਾਂ ਦੇ ਦੇਹਾਂਤ 'ਤੇ ਕਲੱਬ ਨੂੰ ਵੱਡਾ ਘਾਟਾ ਪਿਆ ਹੈ। ਕਲੱਬ ਦੇ ਸਾਰੇ ਮੈਂਬਰਾਂ ਵੱਲੋਂ ਉਨ੍ਹਾਂ ਦੇ ਦੇਹਾਂਤ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ ਤੇ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਜਾਂਦੀ ਹੈ ਕਿ ਉਸ ਵਿਛੜੀ ਰੂਹ ਨੂੰ ਆਪਣਾ ਚਰਨਾਂ ਵਿਚ ਨਿਵਾਸ ਬਖਸ਼ੇ ਤੇ ਪਰਿਵਾਰ ਭਾਣਾ ਮੰਨਣ ਦਾ ਬਲ ਬਖਸ਼ੇ।

# ਕਲਮ ਫਾਊਂਡੇਸ਼ਨ ਟੋਰੰਟੋ ਦੀ ਮਿਲਣੀ ਮੀਟਿੰਗ ਬੇਹੱਦ ਸਫਲ ਰਹੀ

## ਕਲਮ ਫਾਉਡੇਸ਼ਨ ਵੱਲੋਂ ਪੰਜਵੀਂ ਵਰਲਡ ਪੰਜਾਬੀ ਕਾਨਫ਼ਰੰਸ 28 ਤੋਂ 30 ਜੂਨ 2019 ਨੂੰ ਹੋਵੇਗੀ

ਟੋਰੌਂਟੋ (ਜਸਬੀਰ ਸਿੰਘ ਬੋਪਾਰਾਏ) ਕਲਮ ਫਾਉਡੇਸ਼ਨ ਟੋਰੌਂਟੋ ਦੀ ਸਤੰਬਰ 2018 ਦੀ ਮਾਸਿਕ ਇਕੱਤਰਤਾ ਬੀਤੇ ਸਨਿਚਰਵਾਰ ਅਜੀਤ ਭਵਨ ਵਿਖੇ ਆਯੋਜਿਤ ਕੀਤੀ ਗਈ ਜਿਸ ਵਿੱਚ ਕਲਮ ਦੇ ਮੈਬਰਾਂ ਨੇ ਭਾਰੀ ਗਿਣਤੀ ਵਿੱਚ ਵੱਧਚੜ੍ਹ ਕੇ ਹਿੱਸਾ ਲਿਆ। ਪ੍ਰੋਗਰਾਮ ਦੇ ਸੰਚਾਲਨ ਦੀ ਜਿੰਮੇਵਾਰੀ ਨੀਟਾ ਬਲਵਿੰਦਰ ਸੰਭਾਲਦਿਆਂ ਨੇ ਸਭ ਤੋਂ ਪਹਿਲਾਂ ਅਦਾਰਾ ਅਜੀਤ ਅਤੇ ਕਲਮ ਫਾਉਡੇਸ਼ਨ ਦੀ ਸਮੁੱਚੀ ਟੀਮ ਵਲੋਂ ਸਭ ਅਦਬੀ ਸਾਹਿਤਕਾਰਾਂ ਅਤੇ ਸਰੋਤਿਆਂ ਦਾ ਧੰਨਵਾਦ ਕੀਤਾ ਉਪਰੰਤ ਪ੍ਰਧਾਨਗੀ ਮੰਡਲ ਵਿਚ ਅਦਾਰਾ ਅਜੀਤ ਦੀ ਮੁੱਖ ਪ੍ਰਬੰਧਕ ਸ਼੍ਰੀਮਤੀ ਕੰਵਲਜੀਤ ਕੌਰ ਬੈਸ, ਕਿਰਪਾਲ ਸਿੰਘ ਪੰਨੂੰ, ਬਲਬੀਰ ਕੌਰ ਸੋਹੀ ਨੂੰ ਸੁਸ਼ੋਭਿਤ ਹੋਣ ਲਈ ਬੇਨਤੀ ਕੀਤੀ ਗਈ।

ਮੀਟਿੰਗ ਦੀ ਕਾਰਵਾਈ ਅੱਗੇ ਤੋਰਦਿਆਂ, ਡਾ: ਹਰਵਿੰਦਰ ਕੌਰ ਚੀਮਾ, ਪਰਮਜੀਤ ਕੌਰ ਦਿਓਲ, ਮਹਿੰਦਰ ਪ੍ਰਤਾਪ, ਨਿਰਵੈਲ ਸਿੰਘ ਅਰੋੜਾ, ਰਣਜੀਤ ਕੌਰ ਅਰੋੜਾ, ਸ੍ਰੀ ਲੱਖ ਕਰਨਾਲਵੀ, ਮੈਡਮ ਅਮਰਜੀਤ ਕੌਰ ਪੰਛੀ, ਸ੍ਰੀ ਸੁਰਿੰਦਰ ਸ਼ਰਮਾ, ਕਰਨ ਅਜਾਇਬ ਸਿੰਘ ਸੰਘਾ , ਬਲਵਿੰਦਰ ਕੌਰ ਚੱਠਾ, ਸੁਮਨ ਮੋਦਗਿਲ, ਸਿਮਰਜੀਤ ਕੌਰ ਸੇਠੀ, ਜਸਬੀਰ ਸਿੰਘ ਬੋਪਾਰਾਏ, ਪਿਆਰਾ ਸਿੰਘ ਤੂਰ, ਸਰਦੂਲ ਸਿੰਘ ਥਿਆੜਾ,

**ਭੁਪਿੰਦਰ ਸਿੰਘ ਬਾਜਵਾ ਪ੍ਰਧਾਨ ਅਤੇ ਸਰਦੂਲ ਸਿੰਘ ਥਿਆੜਾ ਕਾਨਫ਼ਰੰਸ ਮੀਤ ਪ੍ਰਧਾਨ ਹੋਣਗੇ**

ਰਵਿੰਦਰ ਕੌਰ ਥਿਆੜਾ, ਹਰਦੀਪ ਕੌਰ ਰੰਧਾਵਾ, ਅਮਰਜੀਤ ਸਿੰਘ ਗਰੇਵਾਲ, ਚਰਨਜੀਤ ਸਿੰਘ ਮਾਦਪੁਰੀ, ਗੁਰਬਚਨ ਸਿੰਘ ਚਿੰਤਕ, ਬਲਦੇਵ ਸਿੰਘ ਸਿਧੂ, ਹਰਜੀਇੰਦਰਪਾਲ ਸਿੰਘ ਵਿਰਕ, ਰਵਿੰਦਰ ਕੌਰ ਕੈਬੋ, ਬਿਕਰਮਜੀਤ ਸਿੰਘ ਗਿੱਲ, ਹਰਭਜਨ ਕੌਰ ਗਿੱਲ, ਚਮਕੌਰ ਸਿੰਘ, ਚੰਦਰ ਸ਼ੇਖਰ ਮਜੀਠਾ, ਅਜੀਤ ਸਿੰਘ, ਗੁਰਬਚਨ ਸਿੰਘ ਪੰਨੂ, ਅਮਰੀਕ ਸਿੰਘ ਸੈਣੀ, ਸਰਬਜੀਤ ਸੰਘਾ, ਨਾਹਰ ਸਿੰਘ, ਅੰਕਲ ਦੁੱਗਲ, ਸ੍ਰੀ ਮਕਸੂਦ ਚੌਧਰੀ, ਸ: ਸ: ਤਜਿੰਦਰ ਸਿੰਘ ਚੀਮਾ, ਸੁਖਦੇਵ ਸਿੰਘ, ਚਰਨਜੀਤ ਸੋਹਲ, ਮਹਿੰਦਰ ਸਿੰਘ ਵਾਲੀਆ, ਪ੍ਰਿੰ: ਮੇਜਰ ਸਿੰਘ ਜੱਸੀ, ਸਲਵਿੰਦਰ ਸਿੰਘ ਮੰਡੇਰ, ਨਾਹਰ ਸਿੰਘ, ਮਾ: ਗੁਰਨੇਕ ਸਿੰਘ, ਸ਼ਿਦਰਪਾਲ ਰਾਜਾਸਾਂਸੀ, ਸ੍ਰੀ ਆਸਕ ਰਹੀਲ, ਤਜਿੰਦਰ ਚੀਮਾ, ਸ੍ਰੀਮਤੀ ਚੀਮਾ, ਪ੍ਰਿੰ: ਗਿਆਨ ਸਿੰਘ ਘਈ, ਜੀਤ ਸਿੰਘ, ਮਨਜੀਤ ਸਿੰਘ ਝਮਟ, ਅਵਤਾਰ ਸਿੰਘ ਅਰਸ਼ੀ, ਲਾਲ ਸਿੰਘ ਬਰਾੜ, ਅਮਰੀਕ ਸਿੰਘ ਰਵੀ, ਆਰ ਪੀ ਐਸ ਵਾਲੀਆ, ਡਾ: ਪਰਮਿੰਦਰ ਵਾਲੀਆ, ਸੁਖਦੇਵ ਸਿੰਘ ਭੱਠਲ, ਜੋਗਿੰਦਰ ਸਿੰਘ, ਸੁਦਰਸ਼ਨ ਕੌਰ ਪੁਨੀ, ਪ੍ਰਿੰ: ਪਾਖਰ ਸਿੰਘ, ਦਲਜੀਤ ਸਿੰਘ ਗੇਦੂ, ਦੀਪ ਕੌਰ ਪੱਡਾ, ਜਸਵਿੰਦਰ ਸਿੰਘ, ਗੁਰਮੀਤ ਸਿੰਘ, ਸਰਬਜੀਤ ਕੌਰ ਸੰਘਾ, ਸ: ਅਮਰ ਸਿੰਘ ਤੁੱਸੜ, ਦਪਿੰਦਰ ਸਿੰਘ, ਅਤੇ ਹੋਰ ਬਹੁਤ ਸਾਰੇ ਪਤਵੰਤਿਆਂ ਨੇ ਹਾਜਰੀ ਭਰੀ ਅਤੇ ਧਾਰਮਿਕ, ਸਮਾਜਿਕ ਅਤੇ ਸਾਹਿਤਕ ਕਵਿਤਾਵਾਂ ਰਾਹੀ ਆਪਣੀ ਹਾਜਰੀ ਲੁਆਈ। ਅਦਾਰਾ ਅਜੀਤ, ਕਲਮ ਅਤੇ ਦਰਸ਼ਨ ਟੀਵੀ ਅਤੇ ਹਾਜਰ ਪਤਵੰਤਿਆਂ ਨੇ ਬਜੁਰਗ ਨੇਤਾ ਸਵ: ਅਵਤਾਰ ਸਿੰਘ ਬੈਂਸ ਦੇ ਅਕਾਲ ਚਲਾਣੇ ਤੇ ਪ੍ਰੀਵਾਰ ਨਾਲ ਦੁੱਖ ਦਾ ਇਜਹਾਰ ਕੀਤਾ ਅਤੇ ਸਰਧਾ ਦੇ ਫੁੱਲ ਭੇਟ ਕੀਤੇ। ਅੰਤ ਵਿੱਚ ਕਲਮ ਫਾਉਡੇਸ਼ਨ ਦੀ ਮੌਜੂਦਾ ਸਰਪ੍ਰਸਤ ਸ਼੍ਰੀਮਤੀ ਕੰਵਲਜੀਤ ਕੌਰ ਬੈਸ ਨੇ ਮੀਟਿੰਗ ਨੂੰ ਸਫਲ ਬਣਾਉਣ ਲਈ ਸਭ ਦਾ ਦਿਲ ਦੀਆਂ ਗਹਿਰਾਈਆਂ ਵਿਚੋ ਧੰਨਵਾਦ ਕੀਤਾ। ਸਭ ਪਤਵੰਤਿਆਂ ਨੇ ਬੀਬੀ ਕੰਵਲਜੀਤ ਕੌਰ ਬੈਸ ਵਲੋਂ ਪਰੋਸੇ ਵਧੀਆ ਸੁਆਦਲੇ ਖਾਣੇ ਲਈ ਧੰਨਵਾਦ ਕੀਤਾ ਅਤੇ 8 ਸਤੰਬਰ ਨੂੰ ਫਿਰ ਆਉਣ ਦੀ ਆਸ ਨਾਲ ਸਭ ਇਕ ਦੂਜੇ ਨਾਲ ਫਤਹਿ ਦੀ ਸਾਂਝ ਪਾਉਦਿਆਂ ਖੁਸ਼ੀ ਖੁਸ਼ੀ ਆਪੋ ਆਪਣੇ ਘਰਾਂ ਨੂੰ ਤੁਰ ਪਏ।

PUNJABI RANG RADIO
CHKT 1430AM
11pm to 12am
Every Friday
Chamkaur Singh
Producer/ Host
Cell: 416 662 1313
Email: punjabirang13@hotmail.com

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

Aikam MEDIA GROUP
Radio Punjab
Monday to Friday
2:00PM to 3:00PM on 89.5 FM
Aikam TV
Every Saturday on Vision TV
Canada Wide
10:00PM to 11:00PM EST
7:00PM to 8:00PM PST
Aikam Arts Academy
Learn Indian Classical Music
Instruments
Folk Dances
Amarjit S Rai
www.aikam.com
For Advertisement on Radio & TV or Learn Indian Classical Music, Instruments and Folk Dances
905-612-1313
info@aikam.com

KARTAR FURNITURE
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ
ਕਰਤਾਰ ਫਰਨੀਚਰ
132"
88"
8 Seated Sofa
■ ਅਸੀਂ ਸੋਫਾ ਸੈਟ ਖੁੱਦ ਹੱਥੀ ਤਿਆਰ ਕਰਦੇ ਹਾਂ
■ ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
■ ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ
Email: kartarfurnitue@live.com
Call Rajinder Singh 416.741.9657
69 Westmore Dr. #20
Etobicoke ON, M9V 3Y6

## ਕਹਾਣੀ

# ਇਕ ਕੁੜੀ

-ਰਸ਼ਪਿੰਦਰ

ਪਿੰਡ ਵਾਲੀ ਮਿੰਨੀ ਬੱਸ ਦੇ ਪਿੱਛੇ ਲਾਲ ਟੇਪ ਨਾਲ ਲਿਖਿਆ ਸੀ 'ਬੇਟੀ ਬਚਾਓ'। ਸ਼ਾਇਦ ਇਸ ਤੋਂ ਪਿੱਛੇ ਵਾਲੇ ਸ਼ਬਦ 'ਬੇਟੀ ਪੜ੍ਹਾਓ' ਕਿਸੇ ਨੇ ਖੁਰਚ-ਖੁਰਚ ਕੇ ਲਾਹ ਸੁੱਟੇ ਸਨ ਤੇ ਸਿਰਫ 'ਬੇਟੀ ਬਚਾਓ' ਲਿਖਿਆ ਰਹਿ ਗਿਆ ਸੀ। ਬੱਸ ਦੀ ਸੈਲਫ ਨੇ ਮੇਰੀ ਧਿਆਨ ਤੋੜਿਆ ਤੇ ਮੈਂ ਭੱਜ ਕੇ ਇਸ ਵਿੱਚ ਜਾ ਬੈਠਾ। ਬੱਸ ਚੜ੍ਹਦਿਆਂ ਮੇਰੀ ਨਜ਼ਰ ਖਿੜਕੀ ਕੋਲ ਬੈਠੀ ਇਕ ਮਲੂਕ ਜਿਹੀ ਕੁੜੀ 'ਤੇ ਪਈ, ਜੋ ਆਪਣੇ ਅੰਦਰ ਜਿਵੇਂ ਕੋਈ ਤੂਫਾਨ ਲਈ ਬਿਲਕੁਲ ਚੁੱਪ ਬੈਠੀ ਸੀ। ਉਹਦੀ ਬੁੱਕਲ ਵਿੱਚ ਉਸ ਦਾ ਬੱਚਾ ਸੀ। ਬੱਸ ਵਿੱਚ ਲਗਭਗ ਸਾਰੀਆਂ ਸਵਾਰੀਆਂ ਪਿੰਡਾਂ ਵਾਲੀਆਂ ਸਨ। ਬੱਸ ਤੁਰ ਪਈ ਤੇ ਸ਼ਹਿਰ ਦੇ ਬਾਈਪਾਸ ਤੋਂ ਹੁੰਦੀ ਹੋਈ ਪਿੰਡ ਵਾਲੀ ਕੱਚੀ ਪਹੀ 'ਤੇ ਜਾ ਚੜ੍ਹੀ। ਇਸ ਦੀ ਰਫਤਾਰ ਦਰਮਿਆਨੀ ਸੀ। ਖਿੜਕੀ ਵਿੱਚੋਂ ਦੇਖਿਆਂ ਹਰੇ-ਹਰੇ ਪਤੇ ਜਿਵੇਂ ਕਿੱਕਲੀ ਪਾਉਂਦੇ ਜਾਪ ਰਹੇ ਸਨ। ਮੈਂ ਕੰਡਕਟਰ ਨੂੰ ਪੈਸੇ ਫੜਾਏ।

'ਹਾਂ ਅੰਬੋ!' ਉਹ ਅਗਲੀ ਸਵਾਰੀ ਵੱਲ ਜਾ ਵਧਿਆ।

ਮੈਂ ਪੁੱਛਿਆ, 'ਟਿਕਟ?'

ਸਾਰੀਆਂ ਸਵਾਰੀਆਂ ਦੀਆਂ ਨਿਗਾਹਾਂ ਮੇਰੇ ਵੱਲ ਹੋ ਗਈਆਂ।

'ਟਿਕਟ ਨ੍ਹੀਂ ਹੁੰਦੀ ਏਸ ਬੱਸ 'ਚ ਭਰਾਵਾਂ,' ਕੰਡਕਟਰ ਨੇ ਹਲਕੀ ਜਿਹੀ ਮੁਸਕਰਾਹਟ ਨਾਲ ਜਵਾਬ ਦਿੱਤੀ।

'ਕੱਲ੍ਹ ਨੂੰ ਦੇਊਂਗੀ ਵੇ,' ਆਪਣੇ ਹੀ ਖਿਆਲਾਂ ਵਿੱਚ ਉਲਝੀ ਹੋਈ ਅਗਲੀ ਸਵਾਰੀ ਨੇ ਕਿਹਾ।

ਉਹ ਇਕ ਬਿਰਧ ਔਰਤ ਸੀ, ਜਿਸ ਦਾ ਚਿਹਰਾ ਝੁਰੜੀਆਂ ਨਾਲ ਭਰਿਆ ਹੋਇਆ ਸੀ। ਕੰਡਕਟਰ ਬਿਨਾਂ ਕੁਝ ਕਹੇ ਅਗਲੀ ਸਵਾਰੀ ਵੱਲ ਹੋ ਗਿਆ। ਉਹ ਕੁੜੀ ਨਾਲ ਬੈਠੀ ਔਰਤ, ਬਿਰਧ ਔਰਤ ਵੱਲ ਘੁੰਮੀ।

'ਤਕੜੀ ਐਂ ਅੰਬੋ? ਮੱਥਾ ਟੇਕਦੀ ਆਂ।'

ਅੰਬੋ ਨੇ ਹੱਥ ਦੀ ਛੱਤ ਜਿਹੀ ਬਣਾ ਕੇ ਆਪਣੇ ਮੱਥੇ 'ਤੇ ਟਿਕਾਈ ਤੇ ਕਨੱਖਾ ਜਿਹਾ ਝਾਕ ਕੇ ਉਸ ਔਰਤ ਦੀ ਸਿਆਣ ਕੱਢਣ ਲੱਗੀ, 'ਹੈਂ? ਕਿਹੜੀ ਆ?'

'ਨੀਂ, ਕਰਤਾਰੋ ਆ,' ਨਾਲ ਹੀ ਬੈਠੀ ਦੂਜੀ ਬੇਬੇ ਨੇ ਉਸ ਔਰਤ ਨੂੰ ਪਛਾਣ ਲਿਆ।

'ਅੱਛਾ!' ਜਾਣੋ ਅੰਬੋ ਦੇ ਦਿਮਾਗ ਵਿੱਚ ਕਰਤਾਰੋ ਦੇ ਨਕਸ਼ ਉਲੀਕੇ ਗਏ।

'ਹਾਂ! ਹਾਂ! ਭਾਈ ਸੂਤ ਆਂ,' ਅੰਬੋ ਨੇ ਹੱਥ ਨਾਲ ਅਸੀਸ ਦਿੰਦੇ ਆਖਿਆ।

'ਤੂੰ ਕਿਵੇਂ ਐਂ? ਸੱਚ ਲੈ ਆਈ ਗੁੱਡੀ ਨੂੰ?' ਅੰਬੋ ਨੇ ਕੋਲ ਹੋ ਕੇ ਪੁੱਛਿਆ।

'ਹਾਂ, ਲੈ ਆਈ। ਆਹ ਦੇਖ ਨਾਲ ਤਾਂ ਬੈਠੀ ਐ ਮੇਰੇ,' ਕਰਤਾਰੋ ਨੇ ਉਸ ਕੁੜੀ ਵੱਲ ਇਸ਼ਾਰਾ ਕਰਕੇ ਆਖਿਆ।

'ਲੈ ਦੱਸ! ਨੀਂ ਆਹ ਅੱਖਾਂ ਨੂੰ ਨ੍ਹੀਂ ਦਿਸਦਾ ਕੁਸ਼। ਹੋਰ ਭਾਈ ਗੁੱਡੀ, ਠੀਕ ਐ?' ਅੰਬੋ ਨੇ ਕੁੜੀ ਦਾ ਮੋਢਾ ਪਲੋਸ ਕੇ ਬੱਚੇ ਦੇ ਸਿਰ 'ਤੇ ਹੱਥ ਰੱਖਿਆ।

'ਹਾਂ ਬੇਬੇ,' ਕੁੜੀ ਨੇ ਨਿਗ੍ਹਾ ਨਿਵਾ ਕੇ ਆਖਿਆ।

'ਲਾਂਵੇਗੀ ਦੋ ਚਾਰ ਦਿਨ?'

'ਹਾਂ ਬੇਬੇ,' ਕੁੜੀ ਨੇ ਹਲਕੀ ਜਿਹੀ ਆਵਾਜ਼ 'ਚ ਆਖਿਆ।

'ਇਹ ਗੁੱਡੀ ਕੋਲੇ ਕੀ ਜਵਾਕ ਐ?' ਅੰਬੋ ਨੇ ਕਰਤਾਰੋ ਨੂੰ ਪੁੱਛਿਆ।

'ਕੁੜੀ ਐ! ਅੰਬੋ।'

'ਚਲੋ ਭਾਈ! ਉਹ ਆਵਦੇ ਕਰਮ ਲਿਖਾ ਕੇ ਆਈ ਐ। ਇਹ ਤਾਂ ਵਾਰੀ ਕੱਟੀ ਗਈ, ਅੱਗੇ ਮੁੰਡਾ ਹੋਜੂ,' ਅੰਬੋ ਨੇ ਕਰਤਾਰੋ ਦਾ ਦਿਲ ਧਰਾਉਣ ਲਈ ਕਿਹਾ।

'ਨਾ ਅੰਬੋ, ਕੀ ਕਰਾਉਣਾ ਮੁੰਡਿਆਂ ਤੋਂ, ਇਹ ਕੁੜੀ ਹੀ ਵਾਧੂ ਐ। ਅੱਗੇ ਜਿਨ੍ਹਾਂ ਦੇ ਮੁੰਡੇ ਸੀ, ਉਨ੍ਹਾਂ ਨੇ ਖਵਾ ਦਿੱਤੇ ਫੁਲਕੇ..' ਕਰਤਾਰੋ ਦੇ ਬੋਲ ਸਾਰੀਆਂ ਸਵਾਰੀਆਂ ਨੂੰ ਸੁਣੇ। ਡਰਾਈਵਰ ਸੀਟ ਲਾਗੇ ਬੈਠੀਆਂ ਸਵਾਰੀਆਂ ਉਸ ਵੱਲ ਝਾਕੀਆਂ। ਬੱਸ ਵਿੱਚ ਪੂਰਨ ਸ਼ਾਂਤੀ ਸੀ। ਇਸ ਸ਼ਾਂਤ ਵਾਤਾਵਰਨ ਵਿੱਚ ਸਿਰਫ ਹਵਾ ਦੀ ਰਫਤਾਰ ਘੁਲੀ ਸੀ। ਅੰਬੋ ਦੇ ਬੁਝੇ-ਬੁਝੇ ਨੇਤਰਾਂ 'ਚ ਹੈਰਾਨੀ ਦੀ ਲੋਅ ਸੀ।

'ਤਿੰਨ ਲੱਖ ਰੁਪਈਆ ਲਾਇਆ ਤੀ। ਵਿਆਹ 'ਤੇ ਲੋਹੜੇ ਦਾ ਸਮਾਨ ਦਿੱਤਾ। ਡੰਗਰ ਪਸ਼ੂ ਦਾ ਕੰਮ ਕਰਦੀ। ਕੱਪੜੇ ਸਿਆਉਂਦੀ ਮਸ਼ੀਨ 'ਤੇ। ਜੈ ਵੱਢੇ ਦਿਆਂ ਨੇ ਭੋਰਾ ਨ੍ਹੀਂ ਕਦਰ ਪਾਈ,' ਕਰਤਾਰੋ ਦੇ ਬੋਲਾਂ ਵਿੱਚ ਸ਼ਿਕਾਇਤ ਸੀ।

'ਲੈ! ਕਿਉਂ?'

'ਕੀ ਦੱਸਾਂ ਨੀਂ! ਖੇਹ ਖਾਂਦਾ ਫਿਰਦਾ ਕਿਸੇ ਨਾ ਕਿਸੇ ਦੇ। ਸ਼ਰਮ ਤਾਂ ਭੋਰਾ ਨ੍ਹੀਂ। ਕੁਸ਼ ਨ੍ਹੀਂ ਛੱਡਦਾ। ਮੋਟਰਸ਼ੈਂਕਲ ਮੰਗਿਆ ਤੀ, ਉਹ ਦੇਤਾ। ਦੋ ਤੋਲੇ ਸਿਉਨਾ ਪਾਇਆ ਤੀ। ਵਿਆਹ ਮਗਰੋਂ ਇਕ ਵਾਰੀ ਨ੍ਹੀਂ ਕੁੜੀ ਦੇ ਪਾਇਆ ਦੇਖਿਆ। ਹਾਰ ਕੇ ਕੱਲ ਨਬੇੜ ਕੇ ਆਏ ਆਂ। ਪੰਚਾਇਤ ਗਈ ਤੀ ਸਾਰੀ, ਨਾਲ ਇਹਦਾ ਬਾਪੂ ਸੀ। ਉਧਰੋਂ ਉਨ੍ਹਾਂ ਦੀ ਪੰਚਾਇਤ ਸੀ। ਕਹਿੰਦਾ, ਰੱਖਦਾ ਨ੍ਹੀਂ ਮੈਂ ਤਾਂ। ਹੋਰ ਲਿਆਊਂ!'

'ਜਾ ਲੈ ਆ..। ਪਹਿਲਾਂ ਹੀ ਲੈ ਆਉਂਦਾ। ਸਾਡੀ ਕੁੜੀ ਦੀ ਜ਼ਿੰਦਗੀ ਕਿਉਂ ਖਰਾਬ ਕਰਦੈਂ। ਲੋਹੜਾ ਆ ਗਿਆ ਕੁੜੇ,' ਅੰਬੋ ਨੇ ਠੋਕਵਾਂ ਜਵਾਬ ਦਿੱਤਾ।

'ਨੀਂ ਇਹਦੀ ਸੱਸ ਨ੍ਹੀਂ ਬੋਲਦੀ ਕੁਸ਼ ਮੁੰਡੇ ਨੂੰ?' ਦੂਜੀ ਬੇਬੇ ਨੇ ਹੈਰਾਨ ਹੋ ਕੇ ਪੁੱਛਿਆ।

'ਸੱਸ ਤਾਂ ਆਪ ਵੱਢਣ ਜੋਗੀ ਐ। ਆਹ ਕੁੜੀ ਹੋਈ ਮਗਰੋਂ ਅਰਾਮ ਨ੍ਹੀਂ ਕਰਨ ਦਿੱਤਾ ਜਵਾਕੜੀ ਨੂੰ। ਕਹਿੰਦੀ, ਐਵੇ ਨਾ ਪਈ ਰਿਹਾ ਕਰ ਨੀਂ! ਕੰਮ ਕਰ। ਤੂੰ ਕਿਹੜਾ ਮੁੰਡਾ ਜੰਮਿਆ!'

'ਲੈ ਨੀਂ! ਆਖ ਕਿ ਤੂੰ ਵੀ ਹੋਈ ਸੀ ਕਿਸੇ ਦੇ ਮੱਚੜੀਏ!' ਅੰਬੋ ਦੇ ਬੋਲਾਂ ਵਿੱਚ ਗੁੱਸਾ ਭਖਿਆ।

'ਜਦੋਂ ਇਹ ਹੋਣ ਆਲੀ ਤੀ ਕੁੜੀ!' ਕਰਤਾਰੋ ਨੇ ਆਪਣੀ ਦੋਹਤੀ ਵੱਲ ਸੈਨਤ ਕਰਕੇ ਆਖਿਆ, 'ਓਦੋਂ ਬਲਾਂਈ ਕੁੱਟਿਆ।'

'ਬੂ..' ਦੂਜੀ ਬੇਬੇ ਕਰਤਾਰੋ ਦਾ ਦੁੱਖ ਸੁਣਦੀ ਗਈ।

'ਹੋਰ! ਕਹਿੰਦਾ ਦੋਵਾਂ ਨੂੰ ਮਾਰੂ। ਨਾਲੇ ਕੁੜੀ ਨੂੰ ਨਾਲੇ ਬੱਚੇ ਨੂੰ। ਰਾਤੋਂ ਰਾਤ ਗਵਾਂਢੀਆਂ ਨੇ ਕੰਧਾਂ ਟੱਪ-ਟੱਪ ਕੇ ਛਡਾਈ। ਫੇਰ ਉਨ੍ਹਾਂ ਨੇ ਸਾਨੂੰ ਫੂਨ ਕੀਤਾ। ਫੇਰ ਅਸੀਂ ਲੈ ਕੇ ਆਏ। ਹਾਲੇ ਇਹ ਕਹਿੰਦੀ ਬੀਬੀ ਮੇਰੇ ਬਾਈ ਗਿੰਦਰ ਨੂੰ ਨਾ ਦੱਸੀਂ। ਉਹ ਜੇ ਆ ਗਿਆ ਤੋੜ ਦਊ ਕੁਸ਼ ਨਾ ਕੁਸ਼ ਓਹਦਾ। ਐਵੇਂ ਪੜ੍ਹਾਈ ਖਰਾਬ ਹੋਜੂ ਓਹਦੀ। ਕਹਿੰਦੀ ਸੀ ਇਹ ਵੀ ਪੜ੍ਹਨ ਨੂੰ, ਬਈ ਮੈਨੂੰ ਗਿੰਦਰ ਦੇ ਕਾਲਜ 'ਚ ਨਾਲ ਲਾ ਦਿਓ। ਮਖਾਂ ਨੀਂ ਭੈਣ ਬੱਸ ਬਾਰਾਂ ਕਰਲੀਆਂ। ਨੌਕਰੀਆਂ ਕਿਹੜਾ ਧਰੀਆਂ ਪਈਐਂ। ਟੈਮ ਮਾੜੈ।'

'ਨੀਂ ਵਧੀਆ ਤੀ ਸਗੋਂ ਲਾ ਦਿੰਦੀ ਪੜ੍ਹਨ! ਕੋਈ ਚੱਜ ਦਾ ਟੱਕਰ ਜਾਂਦਾ। ਅਗਲਾ ਆਪੇ ਲਵਾ ਦਿੰਦਾ।' ਦੂਜੀ ਬੇਬੇ ਨੇ ਮੱਤ ਦਿੱਤੀ।

ਕੁੜੀ ਬਾਰੀ ਨਾਲ ਸਿਰ ਲਾ ਕੇ ਆਪਣੀ ਜ਼ਿੰਦਗੀ ਦੇ ਵਹਿਣਾਂ ਵਿੱਚ ਵਹਿ ਰਹੀ ਸੀ। ਇੰਜ ਲੱਗਦਾ ਸੀ ਇਨ੍ਹਾਂ ਸਾਰੇ ਜ਼ਖਮਾਂ, ਚੀਸਾਂ, ਦੁੱਖਾਂ ਦਾ ਜ਼ਹਿਰ ਉਹਨੇ ਪੀ ਲਿਆ, ਜਿਸ ਦਾ ਦਰਦ ਉਹਦੇ ਧੁਰ ਅੰਦਰੋਂ ਉਠ ਕੇ ਉਸੇ ਵਿੱਚ ਸਮਾਅ ਜਾਂਦਾ। ਸਾਰੀਆਂ ਸਵਾਰੀਆਂ ਦੇ ਹਿਰਦੇ ਉਸ ਕੁੜੀ ਦੇ ਦੁੱਖ ਨਾਲ ਪਿਘਲ ਚੁੱਕੇ ਸਨ।

'ਕੀ ਕਰੀਏ ਬਸ ਅਕਲ 'ਤੇ ਪਰਦਾ ਪੈ ਗਿਆ ਸੀ। ਚੌਥੇ ਲੈ ਕੇ ਆਈ ਆਂ। ਸਾਰੀ ਰਾਤ ਨ੍ਹੀਂ ਸੁੱਤੀ। ਕਹਿੰਦੀ ਬੀਬੀ ਗੋਲੀ ਲਿਆ ਦੇ ਡਾਕਟਰ ਤੋਂ, ਢੂਹੀ ਦੁਖੀ ਜਾਂਦੀ ਐ। ਗੋਲੀ ਵੀ ਦਿੱਤੀ। ਹਾਰ ਕੇ ਕਿਹਾ, ਲੈ ਮੈਂ ਲਤੜ ਦਿੰਨੀ ਆਂ ਪੋਲੀ-ਪੋਲੀ। ਕੁੜਤੀ ਚੁੱਕ ਕੇ ਦੇਖੀ ਐਡੇ-ਐਡੇ ਨੀਲ ਪਏ ਜਵਾਕੜੀ ਦੇ। ਫੇਰ ਦੱਸਿਆ ਇਹਨੇ ਬਈ ਕੱਲ੍ਹ ਵੀ ਕੁੱਟ ਗਿਆ। ਜੇ ਮੈਂ ਨਾ ਮੂਹਰੇ ਹੁੰਦੀ ਕੁੜੀ ਨੂੰ ਮਾਰਦਾ।'

'ਨੀਂ ਭੈਣੇ ਹੋਰ ਕਿਉਂ ਡਰਦੇ ਆਂ! ਤਾਂ ਹੀ ਫਿਟਕਾਰਾਂ ਖਾਂਦੀਆਂ ਨੇ, ਨਾਲੇ ਏਧਰ ਦੇਖਦੀਆਂ ਨੇ ਨਾਲੇ ਓਧਰ।' ਦੂਜੀ ਬੇਬੇ ਨੇ ਆਪਣਾ ਹੇਜ ਜਤਾਇਆ।

'ਨੀਂ ਸਾਨੂੰ ਤਾਂ ਪਹਿਲਾਂ ਈ ਕਹਿਤਾ ਤੀ ਆੜਤੀਏ ਨੇ ਬਈ ਤੁਸੀਂ ਭਾਈ ਭੈੜੇ ਬੰਦਿਆਂ ਨਾਲ ਮੱਥਾ ਲਾ ਲਿਆ। ਹਜੇ ਵੀ ਰਹਿਣ ਦੋ।'

'ਨੀਂ ਫੇਰ ਛੱਡ ਦਿੰਦੇ ਪਰ੍ਹਾਂ। ਵਿਚੋਲੇ ਦੀਆਂ ਨਾਸਾਂ ਕੁੱਟਣੀਆਂ ਸੀ ਤੁਸੀਂ,' ਅੰਬੋ ਨੇ ਕਰਤਾਰੋ ਨੂੰ ਵਰਜਿਆ।

'ਕਿੱਥੋਂ, ਵਿਚੋਲੇ ਤਾਂ ਆਪ ਲਾਲਚੀ ਨੇ। ਛੱਡਦੇ ਕਿਵੇਂ? ਇਹ ਵੀ ਨ੍ਹੀਂ ਮੰਨੀ। ਕਹਿੰਦੀ ਬੀਬੀ ਕੋਈ ਨਾਂ! ਇਹ ਤਾਂ ਹੋ ਗਿਆ ਸਾਰਾ ਬੰਨ੍ਹ-ਬੰਨ੍ਹਾ। ਮੇਰਾ ਬਾਪੂ ਰੋਜ-ਰੋਜ ਕਿੱਥੇ ਛਿਤਰ ਘਸਾਉਂਦਾ ਫਿਰੂ। ਜੇ ਛੱਡਤੀ ਤਾਂ ਸਾਰੇ ਪਿੰਡ 'ਚ ਕਹਿਣਗੇ ਬਈ ਫਲਾਣਿਆਂ ਕੀ ਕੁੜੀ ਪੱਕ ਠੱਕ ਕਰਕੇ ਛੱਡਤੀ,' ਕਹਿੰਦੀ-ਕਹਿੰਦੀ ਕਰਤਾਰੋ ਦਾ ਗੱਚ ਭਰ ਆਇਆ।

'ਨੀਂ ਧੀ ਹੋਈ ਫੇਰ ਵੀ। ਲਹੂ ਮੱਚਦਾ ਆਵਦੇ ਮਾਂ ਬਾਪ ਦੇਖ ਕੇ..' ਦੂਜੀ ਬੇਬੇ ਦੇ ਬੋਲਾਂ 'ਚ ਦਰਦ ਉਠਿਆ।

'ਹਾਂ ਬਈ, ਜਲਵੇੜੇ ਪਿੰਡ ਆਲਾ ਕੋਈ ਵੀਰ!' ਕੰਡਕਟਰ ਦੇ ਉਚੇ ਬੋਲ ਨਾਲ ਮੈਂ ਉਠ ਖੜਾ। ਬੱਸ ਰੁਕੀ ਤਾਂ ਮੈਂ ਉਤਰ ਗਿਆ। ਤੁਰਦੀ ਬੱਸ ਦੇ ਪਿੱਛੇ ਮੇਰੀ ਨਜ਼ਰ ਲਾਲ ਟੇਪ ਨਾਲ ਲਿਖੇ ਸ਼ਬਦਾਂ 'ਬੇਟੀ ਬਚਾਓ' 'ਤੇ ਜਾ ਪਈ। ਇਸ ਤੋਂ ਪਿੱਛੇ ਵਾਲੇ ਸ਼ਬਦਾਂ 'ਬੇਟੀ ਪੜ੍ਹਾਓ' ਨੂੰ ਖੁਰਚ-ਖੁਰਚ ਕੇ ਲਾਹ ਸੁੱਟਣ ਵਾਂਗ ਉਸ ਕੁੜੀ ਦੀ ਜ਼ਿੰਦਗੀ ਤੋਂ ਉਸ ਦੇ ਚਾਅ, ਉਮੰਗਾਂ ਲਾਹ ਸੁੱਟੇ ਗਏ ਸਨ।



# ਖੋਲ੍ਹ ਲੈਂਦਾ ਦਿਲ ਜੇ ਤੂੰ ਯਾਰਾਂ ਦੇ ਨਾਲ..

-ਪ੍ਰੋ. ਮਨਜੀਤ ਤਿਆਗੀ

ਮਨੁੱਖ ਨੂੰ ਆਪਣੀਆਂ ਰੋਜ਼ਮਰ੍ਹਾ ਦੀਆਂ ਲੋੜਾਂ ਪੂਰੀਆਂ ਕਰਨ ਲਈ ਦੂਜੇ ਲੋਕਾਂ ਨਾਲ ਤਾਲਮੇਲ ਰੱਖਣਾ ਪੈਂਦਾ ਹੈ। ਇਹ ਸਮਾਜਿਕ ਘੇਰਾ ਹੀ ਉਸ ਦੀ ਸ਼ਖਸੀਅਤ ਨੂੰ ਨਿਖਾਰਨ ਜਾਂ ਨਿਘਾਰਨ ਵਿੱਚ ਮਹੱਤਵ ਪੂਰਨ ਭੂਮਿਕਾ ਨਿਭਾਉਂਦਾ ਹੈ। ਤੁਸੀਂ ਚੰਗੇ ਦੋਸਤ ਤੋਂ ਬਿਨਾਂ ਜ਼ਿੰਦਗੀ ਦੀ ਦੌੜ ਦਾ ਪੰਧ ਪੂਰਾ ਨਹੀਂ ਕਰ ਸਕਦੇ। ਭਾਵੇਂ ਦੋਸਤੀ ਦੀ ਪਛਾਣ ਤਾਂ ਜ਼ਿੰਦਗੀ ਦੇ ਇਕ ਰਿਸ਼ਤੇ ਵਜੋਂ ਹੁੰਦੀ ਹੈ, ਪਰ ਇਸ ਦਾ ਨਿੱਘ ਸਾਰੇ ਰਿਸ਼ਤਿਆਂ ਦੀਆਂ ਵਲਗਣਾਂ ਤੋਂ ਆਜ਼ਾਦ ਫਿਜ਼ਾ ਵਰਗਾ ਹੁੰਦਾ ਹੈ। ਸਮਾਂ ਬੀਤਣ ਨਾਲ ਧਨ ਦੌਲਤ ਦੀ ਕੀਮਤ ਘੱਟਦੀ ਜਾਂਦੀ ਹੈ, ਪਰ ਸੱਚੀ ਦੋਸਤੀ ਸਮੇਂ ਦੇ ਬੀਤਣ ਨਾਲ ਵੱਧਦੀ ਫੁੱਲਦੀ ਅਤੇ ਹੋਰ ਵੀ ਗੂੜ੍ਹੀ ਹੁੰਦੀ ਜਾਂਦੀ ਹੈ।

ਇਹ ਸੱਚਾਈ ਹੈ ਕਿ ਅੱਜ ਕੱਲ੍ਹ ਸੱਚੇ ਦੋਸਤ ਬਹੁਤ ਘੱਟ ਮਿਲਦੇ ਹਨ। ਦੋਸਤੀ ਕਰਨੀ ਅਤੇ ਇਸ ਰਿਸ਼ਤੇ ਨੂੰ ਲੰਮੇ ਸਮੇਂ ਤੱਕ ਨਿਭਾਉਣਾ ਬੜਾ ਔਖਾ ਕੰਮ ਹੈ। ਅੱਜ ਲੋਕ ਇਕੱਲਤਾ ਦਾ ਸ਼ਿਕਾਰ ਹਨ। ਅਖਬਾਰਾਂ ਵਿੱਚ ਦੋਸਤ ਬਣਾਉਣ ਦੇ ਇਸ਼ਤਿਹਾਰਾਂ ਦੀ ਭਰਮਾਰ ਤੋਂ ਪਤਾ ਲੱਗਦਾ ਹੈ ਕਿ ਲੋਕ ਚੰਗੇ ਦੋਸਤ ਦੇ ਸਾਥ ਲਈ ਤੜਫ ਰਹੇ ਹਨ।

ਮਿੱਤਰਤਾ ਸ਼ਰਤਾਂ ਜਾਂ ਬੰਦਿਸ਼ਾਂ 'ਚ ਨਹੀਂ ਲਪੇਟੀ ਜਾ ਸਕਦੀ। ਇਹ ਇਕ ਦੂਸਰੇ ਦੇ ਪੂਰੀ ਤਰ੍ਹਾਂ ਵਾਕਿਫ ਹੁੰਦਿਆਂ ਵਿਸ਼ਵਾਸ ਦੇ ਮੋਕਲੇ ਦਾਇਰੇ 'ਚ ਪਲਦੀ ਹੈ। ਆਪਣੇ ਸਵਾਰਥ ਦੀ ਪੂਰਤੀ ਲਈ ਤੁਹਾਡੀ ਸਿਫਤ ਸਲਾਹੁਤਾ ਕਰਨ ਵਾਲੇ ਨੂੰ ਚਾਪਲੂਸ ਕਹਿ ਕੇ ਸੱਦਿਆ ਜਾ ਸਕਦਾ, ਪਰ ਮਿੱਤਰ ਸ਼ਬਦ ਦੇ ਪੈਮਾਨੇ ਵਿੱਚ ਉਹ ਫਿੱਟ ਨਹੀਂ ਬੈਠਦਾ। ਚੰਗਾ ਦੋਸਤ ਹਮੇਸ਼ਾ ਤੁਹਾਡੇ ਹਿੱਤ ਦੀ ਗੱਲ ਕਰੇਗਾ। ਅਜਿਹੇ ਦੋਸਤ ਤੁਹਾਡੇ ਬੋਲਣ ਤੋਂ ਪਹਿਲਾਂ ਹੀ ਤੁਹਾਡੀ ਸਮੱਸਿਆ ਦਾ ਹੱਲ ਲੱਭਣ ਵਿੱਚ ਜੁਟ ਜਾਂਦੇ ਹਨ। ਜਿਸ ਅਨੁਪਾਤ ਵਿੱਚ ਤੁਹਾਡੇ ਚੰਗੇ ਦੋਸਤ ਵਧਣਗੇ, ਉਸ ਅਨੁਪਾਤ ਵਿੱਚ ਹੀ ਤੁਹਾਡੇ ਜੀਵਨ ਦੀ ਬਗੀਚੀ ਵਿੱਚ ਪ੍ਰਾਪਤੀਆਂ ਦੇ ਫੁੱਲ ਖਿੜਨਗੇ। ਜੇ ਤੁਹਾਡੀਆਂ ਬੁਨਿਆਦੀ ਲੋੜਾਂ ਵਿੱਚ ਚੁਹਾਡੇ ਦੋਸਤ ਵੀ ਸ਼ਾਮਲ ਹਨ ਤਾਂ ਤੁਸੀਂ ਹਮੇਸ਼ਾ ਚੜ੍ਹਦੀ ਕਲਾ ਵਿੱਚ ਰਹੋਗੇ ਤੇ ਤੁਹਾਡੀ ਸੋਚ ਵਿਸ਼ਾਲ ਹੋ ਜਾਵੇਗੀ। ਦੋਸਤਾਂ ਨਾਲ ਰਹਿ ਕੇ ਤੁਸੀਂ ਉਹ ਗੱਲ ਸਿੱਖਦੇ ਹੋ, ਜੋ ਪਰਵਾਰ ਦੇ ਕਿਸੇ ਮੈਂਬਰ ਨਾਲ ਰਹਿ ਕੇ ਨਹੀਂ ਸਿੱਖ ਸਕਦੇ। ਚੰਗੇ ਦੋਸਤ ਜੀਵਨ ਦੇ ਸਫਰ ਵਿੱਚ ਪਿਆਰ ਤੇ ਸਨੇਹ ਦੀ ਖੁਸ਼ਬੂ ਖਿਲਾਰ ਕੇ ਜ਼ਿੰਦਗੀ ਦੇ ਸਫਰ ਨੂੰ ਸੁਹਾਵਣਾ ਬਣਾ ਦਿੰਦੇ ਹਨ।

ਆਧੁਨਿਕ ਸਮੇਂ ਵਿੱਚ ਸੂਚਨਾ ਤਕਨਾਲੋਜੀ ਸਾਡੇ ਰਿਸ਼ਤਿਆਂ 'ਚ ਘੁਸਪੈਠ ਕਰ ਰਹੀ ਹੈ। ਮੋਬਾਈਲ ਫੋਨ ਨਾਲ ਤਾਂ ਦਿਨ ਪ੍ਰਤੀ ਦਿਨ ਸਾਡਾ ਮੋਹ ਵਧ ਰਿਹਾ ਹੈ, ਪਰ ਅਸੀਂ ਸਮਾਜ ਨਾਲੋਂ ਟੁੱਟ ਰਹੇ ਹਾਂ। ਸਾਡੀ ਜਾਣ ਪਛਾਣ ਤਾਂ ਵਧ ਰਹੀ ਹੈ, ਪਰ ਦੋਸਤ ਘਟ ਰਹੇ ਹਨ। ਆਮ ਹੀ ਦੇਖਿਆ ਜਾਂਦਾ ਹੈ ਕਿ ਫੇਸਬੁੱਕ ਤੇ ਵਟਸਐਪ 'ਤੇ ਬੰਦੇ ਦੇ ਹਜ਼ਾਰਾਂ ਦੋਸਤ ਹੁੰਦੇ ਹਨ ਜਦੋਂ ਕਿ ਵਿਹਾਰਕ ਜ਼ਿੰਦਗੀ ਵਿੱਚ ਉਹ ਇਕੱਲ ਦਾ ਸੰਤਾਪ ਹੰਢਾ ਰਿਹਾ ਹੁੰਦਾ ਹੈ। ਕਾਰਨ ਸਾਫ ਹੈ ਕਿ ਹਰ ਬੰਦਾ ਆਪਣੇ ਆਪ ਨੂੰ ਰਾਜਾ ਸਮਝਦਾ ਹੈ। ਉਹ ਪਹਿਲਾਂ ਕਿਸੇ ਨਾਲ ਗੱਲ ਕਰਨੀ ਤਾਂ ਦੂਰ, ਸਤਿ ਸ੍ਰੀ ਅਕਾਲ ਤੱਕ ਨਹੀਂ ਬੁਲਾਉਂਦਾ। ਇਹੋ ਜਿਹਾ ਵਿਹਾਰ ਹੀ ਦੂਸਰੇ ਵਿਅਕਤੀ ਦਾ ਹੁੰਦਾ ਹੈ। ਜਦੋਂ ਮਨ ਦੀਆਂ ਭਾਵਨਾਵਾਂ ਕਿਸੇ ਨਾਲ ਸਾਂਝਾ ਨਹੀਂ ਕਰਾਂਗੇ ਫਿਰ ਪਰੇਸ਼ਾਨੀ ਤਾਂ ਵਧੇਗੀ ਹੀ, ਨਤੀਜਾ ਘੁਟਣ ਅਤੇ ਫਿਰ ਹਾਰਟ ਅਟੈਕ। ਹਸਪਤਾਲ 'ਚ ਆਪਰੇਸ਼ਨ ਕਰਨ ਮਗਰੋਂ ਫਿਰ ਡਾਕਟਰ ਇਕ ਗੱਲ ਜ਼ਰੂਰ ਕਹਿੰਦਾ ਹੈ:

ਖੋਲ੍ਹ ਲੈਂਦਾ ਦਿਲ ਜੇ ਤੂੰ ਯਾਰਾਂ ਦੇ ਨਾਲ
ਅੱਜ ਖੋਲ੍ਹਣਾ ਨਾ ਪੈਂਦਾ ਇਹ ਔਜ਼ਾਰਾਂ ਦੇ ਨਾਲ।

ਬਿਨਾ ਸ਼ੱਕ ਚੰਗੇ ਦੋਸਤ ਤੁਹਾਡੇ ਲਈ ਅਲਾਦੀਨ ਦਾ ਚਿਰਾਗ ਹੋ ਨਿੱਬੜਦੇ ਹਨ, ਪਰ ਘਮੰਡੀ ਤੇ ਘਪਲੇਬਾਜ਼ ਲੋਕਾਂ ਤੋਂ ਦੂਰੀ ਬਣਾ ਕੇ ਰੱਖੋ। ਜੇ ਤੁਸੀਂ ਇਨ੍ਹਾਂ ਦੀ ਰੇਂਜ ਵਿੱਚ ਆ ਗਏ ਤਾਂ ਇਹ ਉਤਸ਼ਾਹੀਣਤਾ ਦੇ ਕੀਟਾਣੂ ਤੁਹਾਡੇ 'ਤੇ ਛੱਡ ਦੇਣਗੇ ਤੇ ਤੁਹਾਡੀ ਜ਼ਿੰਦਗੀ ਦਾ ਪਿਆਨੋ ਕਈ ਦਿਨ ਬੇਸੁਰਾ ਵੱਜੇਗਾ। ਮਾੜੇ ਦੋਸਤਾਂ ਤੋਂ ਚੰਗਾ ਹੈ ਕਿ ਉਹ ਤੁਹਾਡੇ ਦੁਸ਼ਮਣ ਹੀ ਹੋਣ, ਕਿਉਂਕਿ ਅਜਿਹੇ ਦੋਸਤ ਤੁਹਾਡਾ ਕੁਝ ਸੰਵਾਰ ਨਹੀਂ ਸਕਦੇ, ਤੁਹਾਡੇ ਲਈ ਪਰੇਸ਼ਾਨੀ ਦਾ ਸਬੱਬ ਹੀ ਬਣਨਗੇ। ਜੇ ਕੁਝ ਹੋਰ ਨਾ ਕਰ ਸਕੇ ਤਾਂ ਤੁਹਾਡੇ ਤੋਂ ਪੈਸੇ ਉਧਾਰ ਮੰਗਣਗੇ। ਇਸੇ ਕਰਕੇ ਕਿਹਾ ਜਾਂਦਾ ਹੈ ਕਿ ਮਾੜੀ ਸੰਗਤ ਤੋਂ ਇਕੱਲਾ ਚੰਗਾ। ਚੰਗੀ ਸੋਚ ਵਾਲੇ ਦੋਸਤ ਭਾਵੇਂ ਹੋਣ, ਪਰ ਘੱਟ ਗਿਣਤੀ ਮਾੜੀ ਸੋਚ ਵਾਲੇ ਦੋਸਤਾਂ ਤੋਂ ਵੱਧ ਮਦਦਗਾਰ ਹੁੰਦੀ ਹੈ। ਕਾਬਲੀਅਤ ਹੋਣ ਦੇ ਬਾਵਜੂਦ ਬਹੁਤੇ ਲੋਕ ਇਸ ਲਈ ਅਸਫਲ ਹੋ ਜਾਂਦੇ ਹਨ ਕਿ ਉਨ੍ਹਾਂ ਨੂੰ ਨਿੱਗਰ ਸੋਚ ਵਾਲੇ ਦੋਸਤ ਨਹੀਂ ਮਿਲੇ ਹੁੰਦੈ। ਦੋਸਤਾਂ ਤੋਂ ਬਿਨਾਂ ਜ਼ਿੰਦਗੀ ਬੇਰੰਗ ਅਤੇ ਬੇਰਸ ਜਿਹੀ ਮਹਿਸੂਸ ਹੁੰਦੀ ਹੈ।

ਜੀਵਨ ਵਿੱਚ ਘਮੰਡ ਛੱਡ ਕੇ ਆਪਣੇ ਆਲੇ ਦੁਆਲੇ, ਰਿਸ਼ਤੇਦਾਰਾਂ ਤੇ ਮਿੱਤਰਾਂ ਨਾਲ ਪਿਆਰ ਮੁਹੱਬਤ ਨਾਲ ਰਹੋ। ਅੱਜ ਤੋਂ ਹੀ ਆਪਸੀ ਰਿਸ਼ਤਿਆਂ ਦੀ 'ਕੁੜੱਤਣ ਘਟਾਓ ਤੇ ਮਿਠਾਸ ਵਧਾਓ' ਦਾ ਸਿਧਾਂਤ ਲਾਗੂ ਕਰ ਦਿਓ। ਸਮੇਂ ਦਾ ਕੋਈ ਪਤਾ ਨਹੀਂ, ਕਿਸ ਵੇਲੇ ਕਿਸ ਦੀ ਲੋੜ ਪੈ ਜਾਵੇ। ਜੇ ਤੁਸੀਂ ਜ਼ਿੰਦਗੀ ਨੂੰ ਜ਼ਿੰਦਾਦਿਲੀ ਨਾਲ ਜਿਉਣਾ ਚਾਹੁੰਦੇ ਹੋ ਤਾਂ ਚੰਗੇ ਵਿਚਾਰਾਂ ਵਾਲੇ ਦੋਸਤਾਂ ਦੇ ਸੰਪਰਕ ਵਿੱਚ ਰਹੋ। ਚੰਗੇ ਦੋਸਤ ਉਹ ਸ਼ੀਸ਼ਾ ਹਨ, ਜਿਸ ਵਿੱਚੋਂ ਦੀ ਤੱਕਿਆਂ ਤੁਹਾਡਾ ਜੀਵਨ ਤੇ ਇਸ ਦੇ ਸਾਰੇ ਪੱਖਾਂ ਦਾ ਹੂ-ਬ-ਹੂ ਝਲਕਾਰਾ ਦਿਸਦਾ ਹੈ। ਸੱਚੇ ਦੋਸਤ ਅਨਮੋਲ ਹਨ। ਜੋ ਲੋਕ ਸਿਰਫ ਆਪਣੇ ਲਈ ਹੀ ਜਿਊਂਦੇ ਹਨ, ਉਹ ਜ਼ਿੰਦਗੀ 'ਚ ਖੁਸ਼ੀ ਨਹੀਂ ਮਾਣ ਸਕਦੇ, ਕਿਉਂਕਿ ਉਨ੍ਹਾਂ ਕੋਲ ਆਪਣੇ ਵਿਚਾਰ ਸਾਂਝੇ ਕਰਨ ਲਈ ਚੰਗੇ ਦੋਸਤ ਨਹੀਂ ਹੁੰਦੇ। ਸਾਰਾ ਦਿਨ ਆਪਣੇ ਕੰਮ ਵਿੱਚ ਹੀ ਮਸ਼ਰੂਫ ਨਾ ਰਹੋ, ਆਪਣੇ ਦੋਸਤਾਂ ਲਈ ਸਮਾਂ ਜ਼ਰੂਰ ਕੱਢੋ। ਜਿੰਨੀ ਉਚੀ ਸੋਚ ਵਾਲੇ ਦੋਸਤ ਤੁਹਾਡੇ ਸੰਪਰਕ ਵਿੱਚ ਹੋਣਗੇ, ਓਨੀ ਹੀ ਜ਼ਿੰਦਗੀ ਵਿੱਚ ਤੁਹਾਨੂੰ ਘੱਟ ਪਰੇਸ਼ਾਨੀ ਹੋਵੇਗੀ। ਉਚੀ ਸੋਚ ਵਾਲੇ ਦੋਸਤਾਂ ਦੀ ਹਾਜ਼ਰੀ ਵਿੱਚ ਤੁਸੀਂ ਆਪਣੇ ਆਪ ਨੂੰ ਉਚਾ ਮਹਿਸੂਸ ਕਰਦੇ ਹੋ, ਤੁਹਾਡੀ ਰੂਹ ਤਰੋਤਾਜ਼ਾ ਹੋ ਜਾਂਦੀ ਹੈ, ਤੁਹਾਡੇ ਅੰਦਰ ਵਿਚਾਰਾਂ ਦੀਆਂ ਤਰੰਗਾਂ ਉਤਪੰਨ ਹੋ ਜਾਂਦੀਆਂ ਹਨ ਤੇ ਤੁਸੀਂ ਕੁਝ ਸਿਰਜਣ ਦੇ ਯੋਗ ਹੋ ਜਾਂਦੇ ਹੋ।

## ਵਿਅੰਗ

# ਗੰਦਗੀ ਉਪਰ ਰਿਸਰਚ

-ਨੂਰ ਸੰਤੋਖਪੁਰੀ-

"ਪਾਰਦਰਸ਼ੀ ਸ਼ਾਸਨ ਦੇਣ ਦੇ ਵਾਅਦੇ ਕਿੱਥੇ ਗਏ?
ਖੁਸ਼ਗਵਾਰ ਮਾਹੌਲ ਦੇਣ ਦੇ ਇਰਾਦੇ ਕਿੱਥੇ ਗਏ?
ਹਰ ਤਰਫ ਫੈਲ ਗਈ ਕਈ ਤਰ੍ਹਾਂ ਦੀ ਗੰਦਗੀ,
'ਉਨ੍ਹਾਂ' ਦੀ ਸਵੱਛਤਾ ਮੁਹਿੰਮ ਦੇ ਫਾਇਦੇ ਕਿੱਥੇ ਗਏ?
ਉੱਚੀ ਉੱਚੀ ਹੱਕ-ਸੱਚ ਦਾ ਸਾਨੂੰ ਸੁਨੇਹਾ ਦੇਣ ਵਾਲੇ
ਉੱਚ ਦੁਮਾਲੜੇ ਵਾਲੇ ਮੁਨਸਫ ਤੇ ਪਿਆਦੇ ਕਿੱਥੇ ਗਏ?"

ਬਹੁਤ ਦਿਨਾਂ ਤੋਂ ਅਸੀਂ ਗੰਦਗੀ ਉਪਰ ਰਿਸਰਚ ਕਰ ਰਹੇ ਸੀ। ਰਿਸਰਚ ਕਰਨ 'ਤੇ ਅਸੀਂ ਸਰਚ ਕੀਤੀ ਕਿ ਜਦ ਬਹੁਤ ਦਿਨਾਂ ਤੱਕ ਕਿਸੇ ਵੀ ਤਰ੍ਹਾਂ ਦੀ ਗੰਦਗੀ ਦੇ ਢੇਰ ਜਿੱਥੇ ਪਏ ਹਨ, ਉਥੇ ਹੀ ਪਏ ਰਹਿਣ, ਤਾਂ ਗੰਦਗੀ ਅਪਾਰਦਰਸ਼ੀ ਹੋ ਜਾਂਦੀ ਹੈ। ਅਦਿੱਖ ਹੋ ਜਾਂਦੀ ਹੈ। ਅਪਾਰਦਰਸ਼ੀ ਹੋਣ ਕਾਰਨ ਗੰਦਗੀ ਫੈਲਾਉਣ ਵਾਲੇ ਗੰਦਗੀ ਫੈਲਾਉਂਦੇ ਰਹਿੰਦੇ ਹਨ। ਉਨ੍ਹਾਂ ਨੂੰ ਕਿਤੇ ਵੀ ਕੋਈ ਗੰਦਗੀ ਨਜ਼ਰ ਨਹੀਂ ਆਉਂਦੀ। ਕੁੱਤੇ ਆਪਣੀਆਂ ਪੂਛਾਂ ਨਾਲ ਆਪਣੀ ਬੈਠਣ ਵਾਲੀ ਥਾਂ ਸਾਫ ਕਰ ਲੈਂਦੇ ਨੇ, ਪਰ ਉਹ ਲੋਕ ਨਹੀਂ ਕਰਦੇ। ਉਨ੍ਹਾਂ ਉੱਤੇ ਕਿਸੇ ਸੁਨੇਹੇ ਦਾ, ਉਪਦੇਸ਼ ਜਾਂ ਸਜ਼ਾ ਦੇ ਡਰਾਵੇ ਦਾ ਅਸਰ ਨਹੀਂ ਹੁੰਦਾ। ਉਹ ਨਿਧੜਕ ਹੋ ਕੇ ਜਿੱਥੇ ਜੀਅ ਕਰੇ, ਉਥੇ ਗੰਦਗੀ ਫੈਲਾ ਛੱਡਦੇ ਹਨ। ਕੁੱਤਿਆਂ ਦੀਆਂ ਪੂਛਾਂ ਕਦੇ ਵੀ ਸਿੱਧੀਆਂ ਨਹੀਂ ਹੁੰਦੀਆਂ। ਇਹ ਵਿੰਗੀਆਂ ਹੀ ਰਹਿੰਦੀਆਂ ਹਨ?

ਅਪਾਰਦਰਸ਼ੀ ਭਾਵ ਅਦਿੱਖ ਹੋਣ ਕਾਰਨ ਤਰੱਕੀ ਵੀ ਹਰ ਕਿਸੇ ਨੂੰ ਵਿਖਾਈ ਨਹੀਂ ਦਿੰਦੀ। ਪਿਆਰੇ ਬਾਪੂ ਗਾਂਧੀ ਜੀ ਦੇ ਇਸ ਦੇਸ਼ ਵਿੱਚ ਤਰੱਕੀ ਬਹੁਤ ਹੋਈ ਹੈ। ਕਈ ਹਾਕਮ, ਸਿਆਸੀ ਆਗੂ, ਨੌਕਰਸ਼ਾਹ, ਦਲਾਲ, ਸਰਮਾਏਦਾਰ, ਨਸ਼ਿਆਂ ਦੇ ਸੌਦਾਗਰ, ਠੇਕੇਦਾਰ, ਜੋਤਸ਼ੀ, ਅਖੌਤੀ ਬਾਬੇ ਵਗੈਰਾ ਆਪੋ-ਆਪਣੀ ਅਤੇ ਆਪਣਿਆਂ ਦੀ ਤਰੱਕੀ ਕਰਨ ਵਿੱਚ ਦਿਨ-ਰਾਤ ਮਿਹਨਤ ਤੇ ਲਗਨ ਨਾਲ ਜੁਟੇ ਰਹਿੰਦੇ ਹਨ। ਇਨ੍ਹਾਂ ਦੀ ਚਮਕਦੀ-ਦਮਕਦੀ ਤਰੱਕੀ ਪਾਰਦਰਸ਼ੀ ਹੋਣ ਕਾਰਨ ਸਭ ਨੂੰ ਵਿਖਾਈ ਦਿੰਦੀ ਹੈ, ਪਰ ਹਾਏ! ਬਹੁਤ ਪਿੱਛੇ ਅਤੇ ਹੇਠਾਂ ਰਹਿ ਗਏ ਸਾਧਾਰਨ ਲੋਕਾਂ ਦੀ ਤਰੱਕੀ ਧੁੰਦਲੀ, ਅਸਪੱਸ਼ਟ, ਅਪਾਰਦਰਸ਼ੀ ਹੋਣ ਕਾਰਨ ਕਿਸੇ ਅੱਖ ਨੂੰ ਵਿਖਾਈ ਨਹੀਂ ਦਿੰਦੀ। ਇਹ ਅਦਿੱਖ ਹੀ ਰਹੀ।

ਤਰੱਕੀ ਉਪਰ ਰਿਸਰਚ ਕਰਨ 'ਤੇ ਅਸੀਂ ਸਰਚ ਕੀਤੀ ਕਿ ਪਿਆਰੇ ਵਤਨ ਦੀ ਕਈ ਖੇਤਰਾਂ 'ਚ ਇੰਨੀ ਜ਼ਿਆਦਾ, ਵਾਧੂ, ਫਾਲਤੂ ਤਰੱਕੀ ਹੋਈ ਹੈ ਕਿ ਇਹ ਅਪਾਰਦਰਸ਼ੀ ਗੰਦਗੀ ਵਾਂਗ ਅਪਾਰਦਰਸ਼ੀ ਹੋ ਗਈ ਹੈ। ਇਸ ਨੂੰ ਨੰਗੀਆਂ ਅੱਖਾਂ ਨਾਲ ਨਹੀਂ ਵੇਖਿਆ ਜਾ ਸਕਦਾ। ਇਸ ਨੂੰ ਸਿਰਫ ਖੁਰਦਬੀਨ ਨਾਲ ਹੀ ਵੇਖਿਆ ਜਾ ਸਕਦਾ ਹੈ। ਜਿਨ੍ਹਾਂ ਲੋਕਾਂ ਨੇ ਦੇਸ਼ ਵਿੱਚ ਹੋਈ ਬੇਪਨਾਹ ਤਰੱਕੀ ਵੇਖੀ ਹੈ, ਭੋਗੀ ਭਾਵ ਹੰਢਾਈ ਹੈ, ਉਹ ਗੁਣਗੁਣਾਉਂਦੇ ਫਿਰਦੇ ਹਨ, "ਅਸੀਂ ਵੇਖੀ ਤੇ ਹੰਢਾਈ ਹੈ ਆਪਣੇ ਦੇਸ਼ ਦੀ ਤਰੱਕੀ। ਨਜ਼ਰ ਨਾਲ ਛੋਹ ਕੇ ਇਹਨੂੰ ਮੈਲੀ ਨਾ ਕਰੋ। ਤਰੱਕੀ ਦਾਲ-ਰੋਟੀ ਨਹੀਂ, ਖਿੱਚੜੀ ਨਹੀਂ, ਤਰੱਕੀ ਘਿਓ-ਸ਼ੱਕਰ ਨਹੀਂ। ਲੇਖਾ ਦੇਣ ਦੇ ਡਰ ਦਾ ਚੱਕਰ ਨਹੀਂ। ਤਰੱਕੀ ਨੂੰ ਤਰੱਕੀ ਰਹਿਣ ਦਿਓ। ਇਹਨੂੰ ਕੋਈ ਨਾਂਅ-ਕੁ ਨਾਂਅ ਨਾ ਦਿਓ। ਨੁਕਤਾਚੀਨੀ ਕਰਨ ਵਾਲਿਓ! ਖਾਮੋਸ਼ ਹੋ ਜਾਓ!! ਰੌਲੀ ਪਾਉਣੀ ਚੰਗੀ ਨਹੀਂ ਹੁੰਦੀ। ਖਾਮੋਸ਼ੀ ਚੰਗੀ ਹੁੰਦੀ ਹੈ। ਜੇ ਜ਼ਿਆਦਾ ਨੁਕਤਾਚੀਨੀ ਕਰੋਗੇ, ਜ਼ਿਆਦਾ ਰੌਲੀ ਪਾਓਗੇ, ਤਾਂ 'ਉਹ' ਵੱਡੇ ਵੱਡੇ ਲੋਕ ਨਾਰਾਜ਼ ਹੋ ਜਾਣਗੇ। ਪਾਣੀ ਵਿੱਚ ਰਹਿ ਕੇ ਮਗਰਮੱਛਾਂ ਨਾਲ ਤੇ ਸਮਾਜ ਵਿੱਚ ਰਹਿ ਕੇ 'ਵੱਡਿਆਂ' ਨਾਲ ਭਾਵ ਡਾਢਿਆਂ ਨਾਲ ਵੈਰ ਕਮਾਓਗੇ ਤਾਂ ਦੁਖੀ ਹੋ ਜਾਓਗੇ। ਪਹਿਲਾਂ ਤੋਂ ਵੀ ਵੱਧ ਤੁਹਾਡਾ ਕਾਫੀਆ ਤੰਗ ਹੋ ਜਾਵੇਗਾ। ਸਮਝੇ ਕਿ ਨਹੀਂ? 'ਕੌਣ ਬਣੇਗਾ ਕਰੋੜਪਤੀ' ਤੇ ਕ੍ਰਿਕਟ ਮੈਚ, ਚੀਅਰ (ਲੀਡਰਸ) ਗਰਲਜ਼ ਦਾ ਡਾਂਸ ਵੇਖ ਕੇ ਅਤੇ ਫਿਲਮੀ ਅਭਿਨੇਤਰੀਆਂ, ਫੈਸ਼ਨ ਸ਼ੋਅ ਦੀਆਂ ਸੁੰਦਰੀਆਂ, ਟੀ ਵੀ ਮਾਡਲਜ਼ ਦੀਆਂ ਪਾਰਦਰਸ਼ੀ ਪੁਸ਼ਾਕਾਂ ਵੇਖ ਕੇ ਖੁਸ਼ ਹੋ ਲਿਆ ਕਰੋ। ਇੰਨੇ ਜ਼ਿਆਦਾ ਪਾਰਦਰਸ਼ੀ ਜਲਵੇ ਵੇਖ-ਵੇਖ ਕੇ ਪ੍ਰਸੰਨ ਹੋ ਲਿਆ ਕਰੋ। ਹਰ ਤਰ੍ਹਾਂ ਦੀ ਅਲੂਦਗੀ, ਬੇਹੂਦਗੀ, ਗੰਦਗੀ ਦੀ ਮਾਰ ਸਹਿਣ ਦੀ ਸ਼ਕਤੀ ਖੁਦ ਵਿੱਚ ਪੈਦਾ ਕਰੋ। ਆਖਰ ਤੁਸੀਂ-ਅਸੀਂ ਆਪਾਂ ਸਾਰੇ ਆਮ ਲੋਕ ਇੱਕ ਸ਼ਕਤੀਸ਼ਾਲੀ ਦੇਸ਼ ਵਿੱਚ ਰਹਿੰਦੇ ਹਾਂ। ਸਹਿਣਸ਼ੀਲ ਤਾਂ ਹੋਣਾ ਈ ਪਵੇਗਾ।

ਲੰਮੇ ਅਰਸੇ ਤੋਂ ਆਪਣੇ ਪਿਆਰੇ ਵਤਨ ਵਿੱਚ ਵਧਣ-ਫੁੱਲਣ ਤੇ ਫੈਲਣ ਕਾਰਨ ਭ੍ਰਿਸ਼ਟਾਚਾਰ ਵੀ ਅਪਾਰਦਰਸ਼ੀ ਹੋ ਗਿਆ ਹੈ। ਇਹ ਚੁਲਬੁਲੀਆਂ ਹੁਸੀਨ ਅਭਿਨੇਤਰੀਆਂ ਅਤੇ ਦਿਲਕਸ਼ ਖੂਬਸੂਰਤ ਮਾਡਲਸ ਦੇ ਲਿਬਾਸਾਂ ਵਾਂਗ ਪਾਰਦਰਸ਼ੀ ਨਹੀਂ ਰਿਹਾ। ਜਿਵੇਂ ਲੰਮੇ ਸਮੇਂ ਤੋਂ ਤਰ੍ਹਾਂ-ਤਰ੍ਹਾਂ ਦੀ ਗੰਦਗੀ ਤੇ ਅਲੂਦਗੀ ਮੌਜੂਦ ਰਹਿਣ ਨਾਲ ਅਪਾਰਦਰਸ਼ੀ ਹੋ ਗਈ, ਉਹੀ ਬਦਗੁਮਾਨੀ ਵੀ ਅਪਾਰਦਰਸ਼ੀ ਹੋ ਗਈ ਹੈ। ਭਾਵ ਇਹ ਹੈ ਕਿ ਭ੍ਰਿਸ਼ਟਾਚਾਰ ਦਾ ਕੂੜਾ-ਕਚਰਾ ਫੈਲਾਉਣ ਵਾਲਿਆਂ ਨੂੰ ਇਹ ਹਰਗਿਜ਼ ਨਜ਼ਰ ਨਹੀਂ ਆਉਂਦਾ। ਇਸ ਲਈ ਭ੍ਰਿਸ਼ਟਾਚਾਰ ਦਾ ਕੂੜਾ-ਕਚਰਾ ਤਮਾਮ ਦੂਸਰੇ ਕੂੜੇ-ਕਚਰੇ ਵਾਂਗ ਥਾਂ-ਥਾਂ ਢੇਰਾਂ ਦੇ ਭਾਰ ਥੱਲੇ ਦੱਬੀ ਹੋਈ ਦੇਸ਼ ਤੇ ਆਮ ਖਲਕਤ ਦੀ ਮਾਲੀ ਤਰੱਕੀ, ਖੁਸ਼ਹਾਲੀ ਔਖੇ-ਸੌਖੇ ਸਾਹ ਲੈ ਰਹੀ ਹੈ। ਬਹੁਤ ਸਾਰੇ ਲੋਕਾਂ ਤੇ ਲੋਕਣੀਆਂ ਦੇ ਮਾੜੇ ਤੇ ਭੈੜੇ ਕਿਰਦਾਰ, ਵਿਹਾਰ ਤੇ ਇਖਲਾਕ ਦੀ ਅਲੂਦਗੀ ਨੇ ਸਾਡੀ ਤਹਿਜ਼ੀਬ ਤੇ ਸਭਿਆਚਾਰ ਨੂੰ ਮਲੀਨ ਕਰ ਕੇ ਰੱਖ ਦਿੱਤਾ ਹੈ। ਪਾਰਦਰਸ਼ੀ ਭਾਵ ਨਿਰਮਲ ਹੋਣ ਦੇ ਬਾਵਜੂਦ ਈਮਾਨਦਾਰੀ, ਨੈਤਿਕਤਾ, ਸੱਚਾਈ, ਨੇਕੀ, ਮੁਹੱਬਤ, ਅਪਣੱਤ ਘੱਟ ਵਿਖਾਈ ਕਿਉਂ ਦੇ ਰਹੀ ਹੈ?

ਸਾਡੀ ਟੋਟਲ ਰਿਸਰਚ ਦਾ ਤੱਤ ਇਹੀ ਹੈ ਕਿ ਸਭ ਤਰ੍ਹਾਂ ਦੇ ਕੂੜੇ-ਕਚਰੇ ਦੀ ਗੰਦਗੀ ਅਪਾਰਦਰਸ਼ੀ ਹੋ ਗਈ ਹੈ। ਅਪਾਰਦਰਸ਼ੀ ਤਰੱਕੀ ਗਰੀਬਾਂ ਦੀ ਹੋਈ ਹੈ ਅਤੇ ਪਾਰਦਰਸ਼ੀ ਤਰੱਕੀ ਅਮੀਰਾਂ ਤੇ ਉਨ੍ਹਾਂ ਦੇ ਘਰਾਣਿਆਂ ਦੀ ਹੋਈ ਹੈ ਅਤੇ ਪਾਰਦਰਸ਼ੀ ਤਰੱਕੀ ਅਮੀਰਾਂ ਤੇ ਉਨ੍ਹਾਂ ਦੇ ਘਰਾਣਿਆਂ ਦੀ ਹੋਈ ਹੈ। ਹਵਾ, ਪਾਣੀ, ਮਿੱਟੀ ਦੀ ਅਲੂਦਗੀ ਵੀ ਅਪਾਰਦਰਸ਼ੀ ਹੋ ਗਈ ਹੈ। ਪਾਰਦਰਸ਼ੀ ਸ਼ਾਸਨ ਤੇ ਪ੍ਰਸ਼ਾਸਨ ਦੇਣ ਦਾ ਦਾਅਵਾ ਕਰਨ ਵਾਲਿਆਂ ਦੀ ਕਾਰਜ ਪ੍ਰਣਾਲੀ ਵਿੱਚੋਂ ਲੱਭਣ 'ਤੇ ਵੀ ਪਾਰਦਰਸ਼ਿਤਾ ਕਿਉਂ ਨਹੀਂ ਲੱਭਦੀ? "ਆਮ ਲੋਕ ਪ੍ਰੇਸ਼ਾਨ ਹਨ। ਬਹੁਤ ਜ਼ਿਆਦਾ ਮਾਯੂਸ ਤੇ ਪ੍ਰੇਸ਼ਾਨ ਹਨ। ਕੀ ਬਾਕੀ ਸਾਰੇ ਦੁੱਕੀ-ਤਿੱਕੀ ਹਨ? ਕਿਉਂ ਚੰਦ ਬੰਦੇ ਹੀ 'ਮਹਾਨ' ਹਨ?"

For All Electrical Work/ਬਿਜਲੀ ਦਾ ਕੋਈ ਵੀ ਕੰਮ ਹੋਵੇ



- Residential/Commercial/Industrial
- Basement Electrical Wiring
- Service Panel Upgrading
- Fire Alarm
- Driveway Lights

Save UPTO 40 TO 50% On Your HYDRO BILL
LED Pot Lights(Indoor/Outdoor) ਲਗਵਾਓ Hydro Bill ਤੇ 40%-50% ਬਚਾਓ

Contact: Nirmal Singh Johal(Certified Electrician)647-716-2677

DUCT CLEANING
A breath of Clean air
Residential & Commercial Air duct cleaning and dryer vent cleaning
Free Sanitizer




66 ਹੋਰਸ ਪਾਵਰ ਦੇ ਇੰਜਨ ਦੇ ਵੈਕਯੂਮ ਨਾਲ ਤਸਲੀ ਬਖਸ਼ ਕੰਮ ਦੀ ਗਾਰੰਟੀ

For Professional Duct Cleaning Services
Call Air Frais Duct Cleaning at:
905-867-9000

JEYA
LOOKING FOR LONG/SHORT HAULS
Hiring Team Drivers & Single drivers
DEDICATED A/Z DRIVERS FOR USA/LOCAL CANADA

- Jeya Transport ਵਾਲਿਆਂ ਨੂੰ US/CANADA ਲਈ A/Z ਡਰਾਈਵਰਾਂ ਦੀ ਲੋੜ
- Texas ਅਤੇ Midwest ਦੇ ਡੈਡੀਕੇਟਡ ਰਨ
- 2016-18 ਦੇ Automatic ਅਤੇ Manual Cascadia ਦੇ ਟਰੱਕ
- ਚੰਗੀ ਜੌਬ ਅਤੇ ਵਧੀਆ ਤਨਖਾਹ, ਵਧੀਆ ਮਾਈਲਜ਼ ਪਿਕਅਪ ਅਤੇ ਡਰਾਪ ਇੱਕੋ ਥਾਂ ਤੇ
- ਸਿੰਗਲ ਡਰਾਇਵਰਾਂ ਨੂੰ 0.60 ਸੈਂਟ ਪਰ ਮਾਇਲ, ਟੀਮ ਡਰਾਇਵਰਾਂ ਨੂੰ 0.66 ਸੈਂਟ

- Looking For dedicated A/Z Drivers For USA/Local Canada
- Every Pick up and Drop off is in the same place
- Good Job, Per Mile 0.60 Cents for single drivers & 0.66 Cents for team drivers
- New Trucks And Trailers 2016-2018

ALSO HIRING OWNER OPERATORS




202-2386 Haines Rd., Mississauga ON.
Sakshi: 647-534-5770 | Riki: 647-963-7131
Office: 905-564-8851
Email: ramesh@jeyatransport.com/sakshi@jeyatransport.com

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority

JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7

# ਹਿੰਗ ਲੱਗੇ ਨਾ ਫਟਕੜੀ..

-ਗੁਰਦੀਪ ਸਿੰਘ (ਰਿਟਾ. ਕਮਾਂਡੈਂਟ)

ਪਿਛਲੀ ਸਦੀ ਦੇ ਸਤਵੇਂ ਦਹਾਕੇ ਦੀ ਗੱਲ ਹੈ। ਮੇਰੇ ਜੀਜਾ ਜੀ ਮਰਹੂਮ ਨਛੱਤਰ ਸਿੰਘ ਕੋਕਾ ਕੋਲਾ ਕੰਪਨੀ ਦਿੱਲੀ ਵਿਖੇ ਨੌਕਰੀ ਕਰਦੇ ਸਨ। ਜਦੋਂ ਚੰਡੀਗੜ੍ਹ ਵਿਖੇ ਕੋਕਾ ਕੋਲਾ ਕੰਪਨੀ ਚੱਲਣ ਲੱਗ ਪਈ ਤਾਂ ਉਨ੍ਹਾਂ ਆਪਣੀ ਬਦਲੀ ਇਥੇ ਕਰਵਾ ਲਈ। ਚੰਡੀਗੜ੍ਹ ਆ ਕੇ ਉਨ੍ਹਾਂ ਸੈਕਟਰ 27 ਵਿੱਚ ਤਿੰਨ ਮੰਜ਼ਿਲਾ ਕੋਠੀ ਦਾ ਹਿੱਸਾ ਕਿਰਾਏ 'ਤੇ ਲੈ ਲਿਆ। ਕੋਰਸ ਕਰਨ ਜਾਂ ਦਫਤਰੀ ਕੰਮਾਂ ਸਬੰਧੀ ਮੈਂ ਆਮ ਹੀ ਚੰਡੀਗੜ੍ਹ ਜਾਂਦਾ ਰਹਿੰਦਾ ਸਾਂ। ਇਕ ਦਿਨ ਜਦੋਂ ਉਨ੍ਹਾਂ ਕੋਲ ਠਹਿਰਿਆ ਤਾਂ ਸਹਿਜ ਸੁਭਾਅ ਪੁੱਛ ਲਿਆ ਕਿ ਤੁਹਾਡੇ ਮਾਲਕ ਦਾ ਕੀ ਕਾਰੋਬਾਰ ਹੈ? ਮੇਰੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਜਦੋਂ ਉਨ੍ਹਾਂ ਦੱਸਿਆ ਕਿ ਲਾਲਾ ਆਹ ਸਾਹ-ਮਣੇ ਹੀ ਮਾਰਕੀਟ ਵਿੱਚ ਟਮਾਟਰਾਂ ਦੀ ਰੇਹੜੀ ਲਾਉਂਦਾ ਹੈ। ਚੰਗੀ ਕਮਾਈ ਕਰਦਾ ਏ। ਲੋਕ ਦੱਸਦੇ ਹਨ ਕਿ ਪਿਛੇ ਜਿਹੇ ਇਸ ਨੇ ਆਪਣੀ ਲੜਕੀ ਦਾ ਵਿਆਹ ਕੀਤਾ ਸੀ, ਜਿਸ ਉਪਰ ਲਾਏ ਲੱਖਾਂ ਰੁਪਿਆਂ ਦੀ ਚਰਚਾ ਹੁਣ ਤੱਕ ਆਮ ਹੁੰਦੀ ਰਹਿੰਦੀ ਹੈ।

ਕੁਝ ਸਮੇਂ ਬਾਅਦ ਇਕ ਦਿਨ ਫਿਰ ਮੈਂ ਉਨ੍ਹਾਂ ਕੋਲ ਗਿਆ ਹੋਇਆ ਸਾਂ। ਕਿਸੇ ਕੰਮ ਕੋਠੀ 'ਚੋਂ ਬਾਹਰ ਜਾ ਰਿਹਾ ਸਾਂ ਤਾਂ ਲਾਲਾ ਜੀ ਨੇ ਮੈਨੂੰ ਆਵਾਜ਼ ਮਾਰ ਲਈ, 'ਆ ਜੋ ਸਰਦਾਰ ਜੀ, ਬੈਠੋ ਤਾਂ ਸਹੀ।' ਮੈਂ ਉਨ੍ਹਾਂ ਕੋਲ ਚਲਾ ਗਿਆ। ਕਹਿਣ ਲੱਗੇ, 'ਬੱਚੇ ਦੱਸ ਰਹੇ ਸਨ ਕਿ ਮਾਮਾ ਜੀ ਆਏ ਹੋਏ ਹਨ।' ਅਸੀਂ ਬੈਠੇ ਕਾਫੀ ਦੇਰ ਗੱਲਾਂ ਕਰਦੇ ਰਹੇ। ਗੱਲਾਂ-ਗੱਲਾਂ ਵਿੱਚ ਮੈਂ ਪੁੱਛ ਹੀ ਲਿਆ, 'ਟਮਾਟਰਾਂ ਦੇ ਇਸ ਕਾਰੋਬਾਰ ਵਿੱਚ ਫਿਰ ਤੁਹਾਨੂੰ ਕਿੰਨੀ ਕੁ ਬੱਚਤ ਹੋ ਜਾਂਦੀ ਐ?' ਉਹ ਦੱਸਣ ਲੱਗੇ, 'ਮੈਂ ਰੋਜ਼ ਸ਼ਾਮ ਨੂੰ ਤਿੰਨ ਵਜੇ ਟਮਾਟਰਾਂ ਦੀ ਰੇਹੜੀ ਪੂਰੀ ਭਰ ਕੇ ਓਹ ਸਾਹਮਣੇ ਮਾਰਕੀਟ ਵਿੱਚ ਲਾਉਂਦਾ ਹਾਂ ਤੇ ਰਾਤ ਨੂੰ ਨੌਂ ਕੁ ਵਜੇ ਘਰ ਵਾਪਸ ਆ ਜਾਂਦਾ ਹਾਂ। ਰੋਜ਼ ਕਰੀਬ 100 ਰੁਪਿਆ ਔਸਤ ਬੱਚਤ ਹੋ ਜਾਂਦੀ ਹੈ।' ਇਹ ਰਕਮ ਉਸ ਸਮੇਂ ਵਿੱਚ ਬਹੁਤ ਸੀ। ਮੈਨੂੰ ਪੂਰਾ ਮਹੀਨਾ ਨੌਕਰੀ ਕਰਨ ਉਪਰੰਤ 600 ਰੁਪਏ ਤਨਖਾਹ ਮਿਲਦੀ ਸੀ। ਲਾਲਾ ਜੀ ਦੱਸ ਰਹੇ ਸਨ ਕਿ ਕਾਫੀ ਸਮਾਂ ਅਰਾਮ ਵੀ ਕਰ ਲੈਂਦੇ ਨੇ। ਚਾਹ ਪਾਣੀ ਬੱਚੇ ਉਥੇ ਹੀ ਫੜਾ ਆਉਂਦੇ ਹਨ। ਕੋਈ ਦਿਮਾਗੀ ਬੋਝ ਨਹੀਂ ਹੈ। ਸਮਾਂ ਵਧੀਆ ਲੰਘੀ ਜਾਂਦਾ ਹੈ।

ਇਸੇ ਤਰ੍ਹਾਂ ਕੁਝ ਸਮਾਂ ਪਹਿਲਾਂ ਦੀ ਗੱਲ ਹੈ। ਰੇਲ ਗੱਡੀ ਵਿੱਚ ਸਫਰ ਕਰ ਰਿਹਾ ਸਾਂ ਕਿ ਮੇਰੇ ਨਾਲ ਇਕ ਅਧੇੜ ਉਮਰ ਦਾ ਆਦਮੀ ਆਣ ਬੈਠਾ। ਵੇਖਣ ਪਰਖਣ 'ਤੇ ਮਜ਼ਦੂਰ ਜਾਪਦਾ ਸੀ, ਕਿਉਂਕਿ ਉਸ ਨੇ ਸੀਟ ਦੇ ਨਾਲ ਇਕ ਖਾਲੀ ਟੋਕਰੀ ਟਿਕਾ ਕੇ ਰੱਖੀ ਹੋਈ ਸੀ। ਦਿਲ ਕੀਤਾ ਕਿ ਟਾਈਮ ਪਾਸ ਲਈ ਇਸ ਨਾਲ ਕੋਈ ਗੱਲਬਾਤ ਕੀਤੀ ਜਾਵੇ। ਹਾਰ ਕੇ ਮੈਂ ਪੁੱਛ ਲਿਆ, 'ਕੀ ਕੰਮ ਕਰਦੇ ਹੋ?' ਉਸ ਨੇ ਕਿਹਾ, 'ਜੀ, ਸਮੋਸੇ ਵੇਚਦਾ ਹਾਂ। ਅੱਜ ਸਾਰੇ ਸਮੋਸੇ ਜਲਦੀ ਵਿੱਕ ਗਏ, ਇਸ ਲਈ ਘਰ ਜਾ ਰਿਹਾ ਹਾਂ।' ਮੈਂ ਕਿਹਾ, 'ਸਮੋਸੇ ਆਪ ਬਣਾ ਕੇ ਵੇਚਦੇ ਹੋ ਜਾਂ ਕਿਸੇ ਦੁਕਾਨ ਤੋਂ ਖਰੀਦ ਕੇ?' ਕਹਿਣ ਲੱਗਾ, 'ਨਹੀਂ ਜੀ, ਮੈਂ ਤਾਂ ਰੋਜ਼ ਸਵੇਰੇ ਆਪਣੇ ਪਿੰਡੋਂ ਸ਼ਹਿਰ ਆ ਕੇ ਇਥੋਂ ਦੁਕਾਨਦਾਰ ਤੋਂ ਸਮੋਸੇ ਲੈ ਕੇ ਬਾਜ਼ਾਰ ਵਿੱਚ ਵੇਚਦਾ ਹਾਂ ਤੇ ਉਸ ਦੁਕਾਨ ਵਾਲੇ ਤੋਂ ਹਰ ਸਮੋਸੇ ਦੀ ਵਿਕਰੀ ਮਗਰ ਇਕ ਰੁਪਿਆ ਕਮਿਸ਼ਨ ਲੈਂਦਾ ਹਾਂ।' ਮੈਂ ਪੁੱਛਿਆ, 'ਰੋਜ਼ ਕਿੰਨੇ ਕੁ ਸਮੋਸੇ ਵੇਚ ਲੈਂਦੇ ਓ?' ਉਸ ਨੇ ਦੱਸਿਆ, 'ਕਰੀਬ 2000 ਸਮੋਸੇ ਰੋਜ਼ ਵੇਚ ਲੈਂਦਾ ਹਾਂ ਤੇ ਕਦੀ ਕਦਾਈਂ ਕੋਈ ਮੇਲਾ ਵਗੈਰਾ ਹੋਵੇ ਤਾਂ ਵੱਧ ਵੀ ਵਿੱਕ ਜਾਂਦੇ ਹਨ।' ਮੈਂ ਕਿਹਾ, ਫੇਰ ਤੂੰ ਦੋ ਹਜ਼ਾਰ ਰੁਪਿਆ ਰੋਜ਼ ਕਮਾ ਲੈਂਦਾ ਏ।' ਉਸ ਨੇ ਕਿਹਾ, 'ਹਾਂ ਜੀ।' ਨਾਲ ਮੈਂ ਕਹਿ ਦਿੱਤਾ ਕਿ ਇਸ ਹਿਸਾਬ ਨਾਲ ਤੂੰ ਕਰੀਬ ਸੱਠ ਹਜ਼ਾਰ ਰੁਪਿਆ ਮਹੀਨਾ ਕਮਾ ਲੈਂਦੇ। 'ਹਿੰਗ ਲੱਗੇ ਨਾ ਫਟਕੜੀ।' ਉਸ ਨੇ ਕਿਹਾ, 'ਇੰਨੇ ਕੁ ਤਾਂ ਬਣਦੇ ਹੀ ਹਨ। ਕਿਸੇ ਮਹੀਨੇ ਵੱਧ ਵੀ ਬਣ ਜਾਂਦੇ ਹਨ।' ਮੇਰੀ ਉਸ ਨਾਲ ਗੱਲਾਂ ਕਰਨ ਦੀ ਉਤਸੁਕਤਾ ਹੋਰ ਵੀ ਵੱਧ ਗਈ। ਮੈਂ ਪੁੱਛਿਆ, 'ਕਿੰਨਾ ਪੜ੍ਹਿਐ?' ਉਸ ਨੇ ਕਿਹਾ, 'ਅੱਠ ਜਮਾਤਾਂ।' ਮੈਥੋਂ ਰਿਹਾ ਨਾ ਗਿਆ ਤੇ ਕਹਿ ਦਿੱਤਾ ਕਿ ਐਨੇ ਪੈਸੇ ਕਮਾ ਕੇ ਫੇਰ ਕੀ ਕਰਦੈ?' ਫਿਰ ਉਹ ਛਿੜ ਪਿਆ ਤੇ ਆਪੇ ਹੀ ਦੱਸਣ ਲੱਗ ਪਿਆ ਕਿ ਦੋ ਪਲਾਟ ਏਥੇ ਸ਼ਹਿਰ ਵਿੱਚ ਲਏ ਹਨ। ਪਿੰਡ ਵਾਲੇ ਪੁਰਾਣੇ ਮਕਾਨ ਦੀ ਹਾਲਤ ਠੀਕ ਕਰ ਕੇ ਉਸ ਨੂੰ ਵਧੀਆ ਬਣਾ ਦਿੱਤਾ ਹੈ। ਕੁਝ ਪੈਸੇ ਡਾਕਖਾਨੇ ਦੀਆਂ ਸਕੀਮਾਂ ਵਿੱਚ ਲਾਉਂਦਾ ਹੈ। ਬੀਮੇ ਵਾਲੀਆਂ ਦੋ ਤਿੰਨ ਮਨੀ ਬੈਂਕ ਪਾਲਸੀਆਂ ਲਈਆਂ ਨੇ। ਮਿਉਚਲ ਫੰਡ ਵਿੱਚ ਵੀ ਪੈਸੇ ਲਾਉਂਦਾ ਹੈ। ਬਾਕੀ ਪਰਵਾਰ 'ਤੇ ਖਰਚਾ ਕਰਦਾ ਹੈ।

ਅਜੇ ਉਸ ਨਾਲ ਹੋਰ ਗੱਲਾਂ ਕਰਨ ਨੂੰ ਦਿਲ ਕਰਦਾ ਸੀ ਕਿ ਏਨੇ ਨੂੰ ਕਹਿਣ ਲੱਗਾ, 'ਚੰਗਾ ਜੀ ਫਿਰ, ਮੇਰਾ ਟੇਸ਼ਨ ਆ ਗਿਆ ਤੇ ਉਹ ਟੋਕਰੀ ਚੁੱਕ ਕੇ ਥੱਲੇ ਉਤਰ ਗਿਆ। ਉਹ ਤਾਂ ਉਥੇ ਉਤਰ ਗਿਆ, ਪਰ ਮੈਨੂੰ ਸੋਚਾਂ ਦੇ ਸਮੁੰਦਰ ਵਿੱਚ ਗੋਤੇ ਖਾਣ ਨੂੰ ਛੱਡ ਗਿਆ। ਮੈਂ ਸੋਚ ਰਿਹਾ ਸਾਂ ਕਿ ਸਾਨੂੰ ਪੈਨਸ਼ਨਰਾਂ ਨੂੰ ਹਰ ਵੇਲੇ ਇਨਕਮ ਟੈਕਸ ਦੀਆਂ ਰਿਟਰਨਾਂ ਭਰਨ ਦਾ ਚੱਕਰ ਪਿਆ ਰਹਿੰਦਾ ਹੈ, ਜਦ ਕਿ ਨੇਤਾ ਲੋਕ ਜਿਵੇਂ ਕਿ ਸਾਡੇ ਦੇਸ਼ ਦੇ ਮੰਤਰੀਆਂ, ਪਾਰਲੀਮੈਂਟ ਮੈਂਬਰਾਂ, ਵਿਧਾਇਕਾਂ ਨੂੰ ਅਥਾਹ ਸਹੂਲਤਾਂ ਰਾਹੀਂ ਲੱਖਾਂ ਕਰੋੜਾਂ ਰੁਪਇਆ ਮਿਲਦਾ ਹੈ, ਪਰ ਟੈਕਸ ਕੋਈ ਨਹੀਂ ਹੈ। ਇਹ ਛੋਟੇ ਮੋਟੇ ਲੋਕ ਜੋ ਕਿ ਅਜਿਹੇ ਕੰਮ 'ਤੇ ਲੱਗੇ ਹੋਏ ਹਨ ਤੇ ਮੋਟੀਆਂ ਕਮਾਇਆ ਕਰ ਲੈਂਦੇ ਹਨ, ਕੋਈ ਝੰਜਟ ਨਹੀਂ ਤੇ ਮੌਜਾਂ ਕਰਦੇ ਹਨ।

ਅਜੋਕੇ ਸਮੇਂ ਜਨਤਾ ਮੰਗ ਕਰਦੀ ਹੈ ਕਿ ਅਜਿਹੇ ਨੇਤਾ ਜੋ ਲੋਕਾਂ ਦੀ ਨੁਮਾਇੰਦਗੀ ਕਰਦੇ ਹਨ ਤੇ ਉਨ੍ਹਾਂ ਦੇ ਸਿਰ 'ਤੇ ਸੁੱਖ ਸਹੂਲਤਾਂ ਮਾਣਦੇ ਹਨ, ਅਸਲ ਵਿੱਚ ਟੈਕਸਾਂ ਦੇ ਹੱਕਦਾਰ ਹਨ। ਸਰਕਾਰ ਨੂੰ ਚਾਹੀਦਾ ਹੈ ਕਿ ਛੋਟੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਟੈਕਸ ਦੇ ਬੋਝ ਤੋਂ ਮੁਕਤ ਕਰਕੇ ਇਨ੍ਹਾਂ ਸਿਆਸਤਦਾਨਾਂ 'ਤੇ ਅਜਿਹੇ ਟੈਕਸ ਲਾਵੇ ਜੋ ਇਨ੍ਹਾਂ ਟੈਕਸਾਂ ਦੀ ਝਾਲ ਆਸਾਨੀ ਨਾਲ ਝੱਲ ਸਕਦੇ ਹਨ।

# ਕਦੋਂ ਖਤਮ ਹੋਵੇਗਾ ਸ੍ਰੀਲੰਕਾ ਦਾ ਸਿਆਸੀ ਸੰਕਟ

-ਕਲਿਆਣੀ ਸ਼ੰਕਰ

ਦੁਨੀਆ ਹੈਰਾਨ ਹੈ ਕਿ ਰਾਸ਼ਟਰਪਤੀ ਮੈਤ੍ਰੀਪਾਲ ਸਿਰੀਸੇਨਾ ਵੱਲੋਂ ਬੀਤੇ ਸ਼ੁੱਕਰਵਾਰ ਰਾਨਿਲ ਵਿਕਰਮਸਿੰਘੇ ਨੂੰ ਹਟਾ ਕੇ ਮਹਿੰਦਾ ਰਾਜਪਕਸ਼ੇ ਨੂੰ ਪ੍ਰਧਾਨ ਮੰਤਰੀ ਨਿਯੁਕਤ ਕਰਨ ਤੋਂ ਬਾਅਦ ਸ੍ਰੀਲੰਕਾ 'ਚ ਕੀ ਹੋ ਰਿਹਾ ਹੈ, ਜਿਸ ਦਾ ਨਤੀਜਾ ਇੱਕ ਸੰਵਿਧਾਨਕ ਸੰਕਟ ਦੇ ਰੂਪ ਵਿੱਚ ਨਿਕਲਿਆ ਹੈ। 'ਨਿਊਯਾਰਕ ਟਾਈਮਜ਼' ਨੇ ਸਥਿਤੀ ਤੋਂ ਬਾਅਦ ਦੀਆਂ ਘਟਨਾਵਾਂ ਦਾ ਇਸ ਤਰ੍ਹਾਂ ਜ਼ਿਕਰ ਯੋਗ ਕੀਤਾ ਹੈ ਕਿ "ਦੇਸ਼ ਦੀ ਸਿਆਸੀ ਪ੍ਰਣਾਲੀ ਦਿਨਾਂ ਵਿੱਚ ਹੀ ਢਹਿ-ਢੇਰੀ ਹੋ ਗਈ ਹੈ, ਜੋ ਦਹਾਕਿਆਂ ਤੱਕ ਚੱਲੀ ਖਾਨਾਜੰਗੀ ਕਾਰਨ ਇਸ ਦੇ ਉਭਾਰ ਦੇ ਖਤਮ ਹੋਣ ਦਾ ਖਤਰਾ ਬਣ ਗਈ ਹੈ।"

ਇਹ ਹੈਰਾਨੀ ਜਨਕ ਹੈ ਕਿ ਨਵੀਂ ਦਿੱਲੀ ਸਿਰਫ ਇੰਨਾ ਕਿਉਂ ਕਹਿ ਰਹੀ ਹੈ ਕਿ ਉਸ ਨੇ ਘਟਨਾ 'ਤੇ 'ਨੇੜਲੀ ਨਜ਼ਰ' ਰੱਖੀ ਹੋਈ ਹੈ, ਜਦ ਕਿ ਅਮਰੀਕਾ, ਯੂਰਪੀ ਯੂਨੀਅਨ ਅਤੇ ਹੋਰਨਾਂ ਦਾ ਕਹਿਣਾ ਹੈ ਕਿ ਸੰਵਿਧਾਨ ਦੀ ਪਾਲਣਾ ਜ਼ਰੂਰ ਹੋਣੀ ਚਾਹੀਦੀ ਹੈ। ਮਜ਼ੇ ਦੀ ਗੱਲ ਹੈ ਕਿ ਤਾਮਿਲ ਨਾਡੂ, ਜੋ ਸਿਰਫ 28 ਮੀਲ ਦੂਰ ਹੈ, ਜਿਵੇਂ ਸ੍ਰੀਲੰਕਾ ਤੋਂ ਕਾਂ ਦੀ ਉਡਾਣ, ਨੇ ਘਟਨਾ 'ਤੇ ਟਿੱਪਣੀ ਕੀਤੀ ਹੈ। ਘਰੇਲੂ ਸਿਆਸਤ 'ਚ ਦਖਲ ਦਿੰਦਿਆਂ ਡੀ ਐੱਮ ਕੇ ਦੇ ਮੁਖੀ ਐੱਮ ਕੇ ਸਟਾਲਿਨ ਨੇ ਤੁਰੰਤ ਮੋਦੀ ਸਰਕਾਰ 'ਤੇ ਸ੍ਰੀਲੰਕਾਈ ਤਮਿਲਾਂ ਦੇ ਹਿੱਤਾਂ ਦੀ ਪ੍ਰਵਾਹ ਨਾ ਕਰਨ ਦਾ ਦੋਸ਼ ਲਾ ਦਿੱਤਾ ਹੈ। ਇਸ ਰਾਜ ਵਿੱਚ ਅੱਜ ਜੈਲਲਿਤਾ ਜਾਂ ਕਰੁਣਾਨਿਧੀ ਵਰਗੇ ਦੋਵੇਂ ਵੱਡੇ ਕਦ ਦੇ ਸਿਆਸੀ ਆਗੂ ਨਾ ਹੋਣ ਦੇ ਬਾਵਜੂਦ ਸਟਾਲਿਨ ਨੇ ਕੇਂਦਰ ਦੀ ਆਲੋਚਨਾ ਕਰਨ 'ਚ ਬਾਜ਼ੀ ਮਾਰ ਲਈ। ਸੱਤਾਧਾਰੀ ਅੰਨਾ ਡੀ ਐੱਮ ਕੇ ਨੇ ਕੁਝ ਨਹੀਂ ਕਿਹਾ ਹੈ, ਭਾਰਤ ਦੀ ਸ੍ਰੀਲੰਕਾ ਨੀਤੀ ਨੂੰ ਲੈ ਕੇ ਦਰਾਵਿੜ ਪਾਰਟੀਆਂ ਵਿਚਾਲੇ ਹਮੇਸ਼ਾ ਮੁਕਾਬਲੇਬਾਜ਼ੀ ਰਹੀ ਹੈ। ਅੰਦਰੂਨੀ ਲੋਕਾਂ ਦਾ ਕਹਿਣਾ ਹੈ ਕਿ ਭਾਜਪਾ ਚੋਣਾਂ ਤੋਂ ਬਾਅਦ ਸੰਭਾਵੀ ਗਠਜੋੜ ਲਈ ਡੀ ਐੱਮ ਕੇ ਨਾਲ ਸੌਦੇਬਾਜ਼ੀ ਕਰ ਰਹੀ ਹੈ, ਜਿਸ ਦੇ ਬਦਲੇ ਉਹ ਵਿਧਾਨ ਸਭਾ ਚੋਣਾਂ ਛੇਤੀ ਕਰਵਾਏਗੀ (ਜੋ 2020 'ਚ ਹੋਣੀਆਂ ਹਨ) ਜਿਵੇਂ ਸਟਾਲਿਨ ਚਾਹੁੰਦੇ ਹਨ। ਸ੍ਰੀਲੰਕਾ ਮੁੱਦੇ ਦੀ ਵਰਤੋਂ ਕਰ ਕੇ ਸਟਾਲਿਨ ਆਪਣੀ ਵੈਲਿਊ ਵਧਾ ਰਹੇ ਹਨ।

ਤਾਮਿਲ ਨਾਡੂ ਨੂੰ ਸਮਝਣਾ ਚਾਹੀਦਾ ਹੈ ਕਿ ਸ੍ਰੀਲੰਕਾ ਬਦਲ ਰਿਹਾ ਹੈ, ਕਿਉਂਕਿ ਮੁੱਦਾ ਸਿਨਹਾਲੀ ਬਨਾਮ ਤਮਿਲ ਦਾ ਨਹੀਂ ਰਿਹਾ। ਸ੍ਰੀਲੰਕਾ ਦੇ ਉਤਰੀ ਹਿੱਸੇ 'ਚ ਰਹਿ ਰਹੇ ਤਮਿਲ ਅਜੇ ਵੀ ਸੰਕਟ 'ਚ ਫਸੇ ਹੋਏ ਹਨ ਤੇ ਕੋਈ ਅਜਿਹਾ ਨੇਤਾ ਨਹੀਂ, ਜਿਹੜਾ ਉਨ੍ਹਾਂ ਦੀਆਂ ਚਿੰਤਾਵਾਂ ਦੂਰ ਕਰ ਸਕੇ ਕਿਉਂਕਿ ਸਥਿਤੀਆਂ ਕਾਫੀ ਬਦਲ ਚੁੱਕੀਆਂ ਹਨ। ਲਿੱਟੇ ਦਾ ਖਾਤਮਾ ਹੋ ਚੁੱਕਾ ਹੈ ਤੇ ਇਸ ਦੇ ਮੁੜ ਸੰਗਠਿਤ ਹੋਣ ਦੀਆਂ ਅਫਵਾਹਾਂ ਦੇ ਬਾਵਜੂਦ ਕੋਈ ਨੇਤਾ ਨਹੀਂ ਹੈ।

ਸ੍ਰੀਲੰਕਾ ਦੀਆਂ ਤਮਿਲ ਸਿਆਸੀ ਪਾਰਟੀਆਂ 'ਚ ਸਮਝੌਤੇ ਨੂੰ ਲੈ ਕੇ ਕੋਈ ਇਕਜੁੱਟਤਾ ਨਹੀਂ ਹੈ। ਟੀ ਐੱਨ ਏ ਨੂੰ ਸੰਜਮ ਭਰਪੂਰ ਮੰਨਿਆ ਜਾਂਦਾ ਹੈ, ਜਦ ਕਿ ਉੱਤਰੀ ਪ੍ਰਾਂਤ ਦੇ ਮੁੱਖ ਮੰਤਰੀ ਸੀ ਵੀ ਵਿਗਨੇਸ਼ਵਰਨ (ਜਿਨ੍ਹਾਂ ਨੇ ਕੁਝ ਸਮਾਂ ਪਹਿਲਾਂ ਇੱਕ ਨਵਾਂ ਸੰਗਠਨ ਬਣਾਇਆ ਸੀ) ਅਤੇ ਟੀ ਐੱਨ ਏ ਨਾਲੋਂ ਅੱਡ ਹੋ ਗਏ ਹਨ। ਮਜ਼ੇ ਦੀ ਗੱਲ ਇਹ ਹੈ ਕਿ ਰਾਜਪਕਸ਼ੇ ਨੇ ਅੱਗੇ ਵਧਦਿਆਂ ਇਹ ਕਹਿੰਦੇ ਹੋਏ ਤਮਿਲਾਂ ਨਾਲ ਗਠਜੋੜ ਕੀਤਾ ਹੈ ਕਿ ਮੁਸਲਮਾਨ ਉਨ੍ਹਾਂ ਦੇ ਸਾਂਝੇ ਦੁਸ਼ਮਣ ਹਨ। ਇਥੋਂ ਤੱਕ ਕਿ ਜਦੋਂ ਪਿਛਲੇ ਮਹੀਨੇ ਉਹ ਨਵੀਂ ਦਿੱਲੀ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮਿਲੇ ਸਨ ਤਾਂ ਉਨ੍ਹਾਂ ਨੇ ਮੁਸਲਮਾਨਾਂ ਨੂੰ ਉਸੇ ਆਧਾਰ 'ਤੇ ਦੇਖਿਆ ਸੀ।

ਸ੍ਰੀਲੰਕਾ ਦਾ ਮਾਮਲਾ ਇਸ ਮੁਸ਼ਕਲ 'ਚ ਕਿਵੇਂ ਪਹੁੰਚਿਆ? ਇਹ ਕੋਈ ਵੱਡਾ ਰਾਜ਼ ਨਹੀਂ ਕਿ ਵਿਕਰਮਸਿੰਘੇ ਅਤੇ ਸਿਰੀਸੇਨਾ ਵਿਚਾਲੇ ਸੰਬੰਧ ਚੰਗੇ ਨਹੀਂ ਰਹੇ। ਉਨ੍ਹਾਂ ਦੀਆਂ ਪਾਰਟੀਆਂ ਰਵਾਇਤੀ ਵਿਰੋਧੀ ਹਨ ਅਤੇ ਸੱਤਾ ਲਈ 2015 ਵਿੱਚ ਉਹ ਇਕੱਠੀਆਂ ਹੋਈਆਂ ਸਨ। ਸ੍ਰੀਲੰਕਾ ਦੀ ਲੰਮੀ ਚੱਲੀ ਖਾਨਾਜੰਗੀ, ਜੋ 2009 ਵਿੱਚ ਖਤਮ ਹੋਈ, ਦੌਰਾਨ ਰਾਸ਼ਟਰਪਤੀ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੀ ਜਾਂਚ ਦੇ ਵੀ ਆਲੋਚਕ ਰਹੇ। ਉਨ੍ਹਾਂ ਵਿਚਾਲੇ ਤਣਾਅ ਉਦੋਂ ਸਿਖਰਾਂ 'ਤੇ ਪਹੁੰਚ ਗਿਆ, ਜਦੋਂ ਰਾਨਿਲ ਵਿਕਰਮਸਿੰਘੇ ਨੇ ਆਪਣੇ ਵਿਰੋਧ ਸਿਰੀਸੇਨਾ ਵੱਲੋਂ ਪ੍ਰੇਰਿਤ ਬੇਭਰੋਸਗੀ ਮਤੇ ਨੂੰ ਹਰਾ ਦਿੱਤਾ। ਬਗਾਵਤ ਦੀ ਯੋਜਨਾ ਪੂਰੀ ਤਰ੍ਹਾਂ ਗੁਪਤ ਢੰਗ ਨਾਲ ਬਣਾਈ ਗਈ ਸੀ। ਉਸ ਤੋਂ ਪਹਿਲਾਂ 18 ਤੋਂ 20 ਅਕਤੂਬਰ ਤੱਕ ਵਿਕਰਸਿੰਘੇ ਦਾ ਅਧਿਕਾਰ ਭਾਰਤੀ ਦੌਰਾ ਨਵੀਂ ਦਿੱਲੀ ਨੂੰ ਇਹ ਭਰੋਸਾ ਦੇਣ ਲਈ ਸੀ ਕਿ ਉਥਲ-ਪੁਥਲ ਭਰੀ ਅੰਦਰੂਨੀ ਸਿਆਸਤ ਦੇ ਬਾਵਜੂਦ ਉਹ ਸ੍ਰੀਲੰਕਾ ਦੀ ਅਹਿਮ ਕਾਰੋਬਾਰੀ ਤੇ ਵਿਕਾਸ ਭਾਈਵਾਲ ਬਣੀ ਰਹੇਗੀ। ਇਹ ਪਤਾ ਨਹੀਂ ਹੈ ਕਿ ਕੀ ਰਾਨਿਲ ਵਿਕਰਮਸਿੰਘੇ ਸੰਭਾਵੀ ਬਗਾਵਤ ਬਾਰੇ ਜਾਣਦੇ ਸਨ ਤੇ ਕੀ ਉਨ੍ਹਾਂ ਨੇ ਮੋਦੀ ਨਾਲ ਇਸ ਬਾਰੇ ਚਰਚਾ ਕੀਤੀ?

ਇਹ ਸਪੱਸ਼ਟ ਨਹੀਂ ਹੈ ਕਿ ਸਿਰੀਸੇਨਾ ਤੇ ਰਾਜਪਕਸ਼ੇ ਨੇ ਵਿਕਰਮਸਿੰਘੇ ਨੂੰ ਹਟਾਉਣ ਲਈ ਸੰਵਿਧਾਨਿਕ ਰਾਹ ਕਿਉਂ ਨਹੀਂ ਚੁਣਿਆ? ਸੁਭਾਵਿਕ ਹੈ ਕਿ ਇਸ ਮਹੀਨੇ ਦੇ ਸ਼ੁਰੂ ਵਿੱਚ ਸਿਰੀਸੇਨਾ ਤੇ ਰਾਜਪਕਸ਼ੇ ਵਿਚਾਲੇ ਮੀਟਿੰਗ ਨੇ ਬਗਾਵਤ ਦਾ ਰਾਹ ਪੱਧਰਾ ਕਰ ਦਿੱਤਾ ਸੀ, ਜਦੋਂ ਰਾਜਪਕਸ਼ੇ ਨੇ ਰਾਸ਼ਟਰਪਤੀ ਨੂੰ ਮਨਾ ਲਿਆ ਕਿ ਉਨ੍ਹਾਂ ਨੂੰ ਆਪਸ ਵਿੱਚ ਨਹੀਂ ਲੜਨਾ ਚਾਹੀਦਾ। ਉਨ੍ਹਾਂ ਨੇ ਇੱਕ ਸੱਤਾ ਭਾਈਵਾਲੀ ਦਾ ਸੁਝਾਅ ਦਿੱਤਾ, ਜਿਸ ਦੇ ਤਹਿਤ ਉਨ੍ਹਾਂ ਨੂੰ ਪ੍ਰਧਾਨ ਮੰਤਰੀ ਵਜੋਂ ਨਿਯੁਕਤ ਕੀਤਾ ਗਿਆ ਹੈ। ਰਾਨਿਲ ਵਿਕਰਮਸਿੰਘੇ ਅੜ ਗਏ ਤੇ ਜ਼ੋਰ ਦੇ ਰਹੇ ਹਨ ਕਿ ਉਹ ਪ੍ਰਧਾਨ ਮੰਤਰੀ ਹੀ ਰਹਿਣਗੇ ਤੇ ਪਾਰਲੀਮੈਂਟ 'ਚ ਆਪਣਾ ਬਹੁਮਤ ਸਿੱਧ ਕਰਨਗੇ। ਤਕਨੀਕੀ ਤੌਰ 'ਤੇ ਉਹ ਸਹੀ ਹਨ ਕਿ 2015 'ਚ 19ਵੀਂ ਸੋਧ ਤੋਂ ਬਾਅਦ ਪ੍ਰਧਾਨ ਮੰਤਰੀ ਸਿਰਫ ਉਦੋਂ ਹੀ ਆਪਣੇ ਅਹੁਦੇ ਤੋਂ ਫਾਰਗ ਹੋ ਸਕਦਾ ਹੈ, ਜੇ ਮੌਤ ਹੋਈ ਹੋਵੇ, ਅਸਤੀਫਾ ਦਿੱਤਾ ਹੋਵੇ, ਸੰਸਦ ਮੈਂਬਰ ਨਾ ਰਿਹਾ ਹੋਵੇ ਜਾਂ ਜੇ ਸਰਕਾਰ ਪਾਰਲੀਮੈਂਟ ਵਿੱਚ ਆਪਣਾ ਭਰੋਸਾ ਗੁਆ ਚੁੱਕੀ ਹੋਵੇ।

ਸਿਰੀਸੇਨਾ ਨੇ ਚਲਾਕੀ ਨਾਲ 15 ਨਵੰਬਰ ਤੱਕ ਪਾਰਲੀਮੈਂਟ ਮੁਲਤਵੀ ਕਰ ਦਿੱਤੀ ਹੈ, ਸ਼ਾਇਦ ਰਾਜਪਕਸ਼ੇ ਨੂੰ ਹੋਰਨਾਂ ਪਾਰਟੀਆਂ ਦੇ ਮੈਂਬਰ ਤੋੜਨ ਵਾਸਤੇ ਕਾਫੀ ਸਮਾਂ ਦੇਣ ਲਈ, ਕਿਉਂਕਿ ਉਨ੍ਹਾਂ ਕੋਲ ਸਿਰਫ 95ਵੇਂ ਵੋਟਾਂ ਹਨ, ਜਦ ਕਿ ਰਾਨਿਲ ਕੋਲ 106 ਹਨ। ਵਿਕਰਮਸਿੰਘੇ ਨੂੰ ਆਪਣੇ ਮੈਂਬਰਾਂ ਨੂੰ ਇਕਜੁੱਟ ਰੱਖਣ ਲਈ ਸੰਘਰਸ਼ ਕਰਨਾ ਪਵੇਗਾ। ਰਾਜਪਕਸ਼ੇ ਧੜੇ ਦਾ ਦਾਅਵਾ ਹੈ ਕਿ ਯੂ ਐਨ ਪੀ ਦੇ 21 ਮੈਂਬਰ ਦਲ-ਬਦਲੀ ਲਈ ਤਿਆਰ ਹਨ।

ਇਸ ਦੌਰਾਨ ਸ੍ਰੀਲੰਕਾ ਮੁਸਲਿਮ ਕਾਂਗਰਸ ਦੇ ਨੇਤਾ ਰਾਊਫ ਹਕੀਮ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਮਜ਼ਬੂਤੀ ਨਾਲ ਵਿਕਰਸਿੰਘੇ ਦਾ ਸਮਰਥਨ ਕਰੇਗੀ। ਘੱਟਗਿਣਤੀ ਤਮਿਲ ਅਤੇ ਮੁਸਲਿਮ ਪਾਰਟੀਆਂ ਦੇ ਦੋ ਹੋਰ ਨੇਤਾਵਾਂ ਨੇ ਵੀ ਕਿਹਾ ਹੈ ਕਿ ਉਹ ਵਿਕਰਮਸਿੰਘੇ ਦਾ ਸਮਰਥਨ ਕਰਨਗੇ। ਇਸ ਤਰ੍ਹਾਂ ਨੰਬਰਾਂ ਦੀ ਖੇਡ ਜਾਰੀ ਹੈ। ਸ੍ਰੀਲੰਕਾ ਦਾ ਸੰਕਟ ਸ਼ਾਇਦ ਕੁਝ ਸਮਾਂ ਹੋਰ ਜਾਰੀ ਰਹੇਗਾ। ਜਦੋਂ ਤੱਕ ਰਾਜਪਕਸ਼ੇ ਜਾਂ ਰਾਨਿਲ ਵਿਕਰਮਸਿੰਘੇ ਇਹ ਨਹੀਂ ਦਿਖਾਉਂਦੇ ਕਿ ਉਨ੍ਹਾਂ ਨੂੰ ਸੰਸਦ ਵਿੱਚ ਭਰੋਸਾ ਹਾਸਿਲ ਹੈ ਅਤੇ ਰਾਸ਼ਟਰਪਤੀ ਨੂੰ ਸੰਸਦ ਦੀ ਇੱਛਾ ਮੰਨਣ ਲਈ ਉਹ ਮਜਬੂਰ ਨਹੀਂ ਕਰ ਦਿੰਦੇ, ਉਦੋਂ ਤੱਕ ਸੰਕਟ ਹੱਲ ਨਹੀਂ ਹੋਵੇਗਾ। ਇਸ ਗੱਲ ਦੀ ਵੀ ਸੰਭਾਵਨਾ ਹੈ ਕਿ ਸੰਸਦੀ ਅਤੇ ਰਾਸ਼ਟਰਪਤੀ ਦੇ ਅਹੁਦੇ ਦੀਆਂ ਚੋਣਾਂ ਛੇਤੀ ਕਰਵਾ ਲਈਆਂ ਜਾਣ।

ਜਿੱਥੋਂ ਤੱਕ ਭਾਰਤ ਦੀ ਗੱਲ ਹੈ, ਆਖਿਰ ਇਸ ਨੂੰ ਉਸੇ ਨਾਲ ਗੱਲ ਕਰਨੀ ਪਵੇਗੀ। ਜੋ ਜਿੱਤੇਗਾ। ਨਵੀਂ ਦਿੱਲੀ ਨੂੰ ਭਰੋਸੇ ਭਰੇ ਢੰਗ ਨਾਲ ਇਸ ਸੰਕਟ ਨਾਲ ਨਜਿੱਠਣਾ ਪਵੇਗਾ ਅਤੇ ਸੋਚਣਾ ਪਵੇਗਾ ਕਿ ਸਾਡੇ ਹਿੱਤਾਂ ਲਈ ਬਿਹਤਰ ਕੀ ਹੈ? ਸਾਡੇ ਕੋਲ ਕਈ ਸੋਮੇ ਹਨ ਅਤੇ ਨਵੀਂ ਦਿੱਲੀ ਨੂੰ ਉਨ੍ਹਾਂ ਸਾਰਿਆਂ ਦੀ ਵਰਤੋਂ ਕਰਨੀ ਚਾਹੀਦੀ ਹੈ।

# ਇਕ ਅੱਖ ਵਾਲੀ 'ਮਾਂ' ਦੀ ਦਾਸਤਾਨ

-ਮਾ. ਗੁਰਦੇਵ ਸਿੰਘ ਨਾਰਲੀ

ਸ਼ਾਮ ਦਾ ਸਮਾਂ ਸੀ, ਮੈਂ ਅਖਬਾਰ ਪੜ੍ਹ ਰਿਹਾ ਸੀ। ਅਚਾਨਕ ਮੇਰੀ ਬੇਟੀ ਇਕ ਕਿਤਾਬ ਮੇਰੇ ਕੋਲ ਲੈ ਆਈ ਤੇ ਪੁੱਛਣ ਲੱਗੀ ਕਿ 'ਇਹ ਤੀਦੀ ਕਾਬ ਹੈ?' ਉਸ ਦੇ ਤੋਤਲੇ ਸ਼ਬਦਾਂ ਨੇ ਮੈਨੂੰ ਉਸ ਕਿਤਾਬ ਵੱਲ ਧਿਆਨ ਕੇਂਦਰਿਤ ਕਰਨ ਲਈ ਹਲੂਣਿਆ ਸੀ। ਅਖਬਾਰ ਪਾਸੇ ਰੱਖ ਕੇ ਉਸ ਕਿਤਾਬ ਨੂੰ ਫੋਲਦਿਆਂ ਮੈਂ ਕੁਝ ਪੜ੍ਹਨ ਲੱਗ ਪਿਆ। ਇਸ ਦੌਰਾਨ ਇਕ ਦਰਦ-ਨਾਕ ਕਹਾਣੀ ਪੜ੍ਹ ਕੇ ਮੇਰਾ ਮਨ ਭਰ ਆਇਆ ਤੇ ਅੱਖਾਂ 'ਚੋਂ ਅੱਥਰੂ ਟਪਕਣ ਲੱਗ ਪਏ ਸਨ। ਕਿਸੇ ਮਾਂ ਨਾਲ ਪੁੱਤਰ ਇਸ ਹੱਦ ਤੱਕ ਬਦਸਲੂਕੀ ਕਰ ਸਕਦਾ ਹੈ, ਇਹ ਪ੍ਰਸ਼ਨ ਵਾਰ-ਵਾਰ ਮੇਰੇ ਦਿਮਾਗ 'ਚ ਚੱਲ ਰਿਹਾ ਸੀ। ਜਨਮ ਦੇਣ ਤੋਂ ਬਾਅਦ ਹਰ ਮਾਂ ਬਾਪ ਆਪਣੀ ਔਲਾਦ ਦੀ ਪਰਵਰਿਸ਼ ਤੇ ਪੜ੍ਹਾਈ ਲਿਖਾਈ ਬਾਰੇ ਫਿਕਰਮੰਦ ਹੁੰਦੇ ਹਨ, ਸ਼ਾਇਦ ਕਹਾਣੀ ਵਿਚਲੀ ਉਸ 'ਅਭਾਗੀ ਮਾਂ' ਨੇ ਵੀ ਆਪਣੇ ਪੁੱਤਰ ਨੂੰ ਪਾਲਣ ਪੋਸ਼ਣ ਤੇ ਪੜ੍ਹਾਉਣ ਲਿਖਾਉਣ 'ਚ ਪਿੱਛੇ ਨਹੀਂ ਸੀ ਰਹਿਣ ਦਿੱਤਾ। ਉਸ ਲੜਕੇ ਦਾ ਪਿਤਾ ਨਸ਼ੇੜੀ ਹੋਣ ਕਾਰਨ ਘਰ ਦਾ ਗੁਜ਼ਾਰਾ ਉਸ ਦੀ ਮਾਂ ਸਬਜ਼ੀ ਦੀ ਰੇਹੜੀ ਲਾ ਕੇ ਚਲਾਉਂਦੀ ਸੀ। ਮੰਦੜੇ ਭਾਗਾਂ ਨੂੰ ਉਸ ਔਰਤ ਦੀ ਇਕੋ ਹੀ ਅੱਖ ਸੀ। ਇਸੇ ਲਈ ਉਸ ਦਾ ਪੁੱਤਰ ਉਸ ਤੋਂ ਨਫਰਤ ਕਰਦਾ ਸੀ। ਦੋਵੇਂ ਪਤੀ-ਪਤਨੀ ਆਪਣੇ ਪੁੱਤਰ ਦੀ ਨਫਰਤ ਦਾ ਸ਼ਿਕਾਰ ਸਨ, ਮਾਂ ਅੱਖ ਪੱਖੋਂ ਅਤੇ ਬਾਪ ਨਸ਼ੇ ਪੱਖੋਂ। ਸਕੂਲ ਦੇ ਕਿਸੇ ਵੀ ਪ੍ਰੋਗਰਾਮ ਜਾਂ ਮੀਟਿੰਗ 'ਚ ਉਹ ਲੜਕਾ ਆਪਣੇ ਮਾਤਾ ਪਿਤਾ ਨੂੰ ਨਹੀਂ ਲਿਜਾਂਦਾ ਸੀ। ਥੋੜ੍ਹਾ ਕੁ ਸਮਾਂ ਲੰਘਿਆ ਤਾਂ ਲੜਕੇ ਦੇ ਪਿਤਾ ਦੀ ਮੌਤ ਹੋ ਗਈ। ਉਸ ਨੇ ਸੁੱਖ ਦਾ ਸਾਹ ਲਿਆ ਕਿ ਚੱਲੋ! ਇਕ ਬਿਪਤਾ ਗਲੋਂ ਟਲੀ। ਫਿਰ ਉਹ ਦੋਵੇਂ ਜਣੇ ਮਾਂ ਪੁੱਤ ਹੀ ਘਰ 'ਚ ਰਹਿ ਗਏ ਸਨ। ਸਕੂਲ 'ਚ ਇਕ ਦਿਨ ਕੋਈ ਸਮਾਗਮ ਹੋ ਰਿਹਾ ਸੀ। ਬਿਨਾਂ ਬੁਲਾਏ ਮਾਂ ਆਪਣੇ ਪੁੱਤ ਦੀ ਹੌਸਲਾ ਅਫਜ਼ਾਈ ਕਰਨ ਕਿਸੇ ਤਰ੍ਹਾਂ ਸਕੂਲ ਪਹੁੰਚ ਗਈ। ਉਥੇ ਲੜਕੇ ਦੇ ਦੋਸਤਾਂ ਮਿੱਤਰਾਂ ਨੇ ਉਸ ਦੀ 'ਇਕ ਅੱਖ ਵਾਲੀ ਮਾਂ' ਦਾ ਬਹੁਤ ਮਜ਼ਾਕ ਉਡਾਇਆ। ਲੜਕੇ ਨੇ ਆਪਣੇ ਦੋਸਤਾਂ ਮਿੱਤਰਾਂ ਨੂੰ ਰੋਕਣ ਦੀ ਥਾਂ ਘੋਰ ਨਮੋਸ਼ੀ ਸਮਝ ਕੇ ਆਪਣੀ ਮਾਂ ਨੂੰ ਬਹੁਤ ਬੁਰਾ ਭਲਾ ਕਿਹਾ ਕਿ 'ਤੂੰ ਇਥੇ ਕੀ ਲੈਣ ਆਈ ਏਂ, ਚਲੀ ਜਾ ਇੱਥੋਂ। ਤੇਰੇ ਇਸ ਭੱਦੇ ਤੇ ਕਰੂਪ ਇਕ ਅੱਖ ਵਾਲੇ ਚਿਹਰੇ ਕਾਰਨ ਮੈਂ ਯਾਰਾਂ ਦੋਸਤਾਂ ਵਿੱਚ ਬੈਠਣ ਜੋਗਾ ਨਹੀਂ ਰਿਹਾ।' ਇੰਨਾ ਕੁਝ ਸੁਣਨ ਤੋਂ ਬਾਅਦ ਉਹ ਨਿਮਾਣੀ ਔਰਤ ਉਸੇ ਵੇਲੇ ਉਥੋਂ ਚਲੀ ਗਈ। ਉਸ ਦੇ ਲੜਕੇ ਨੇ ਉਸੇ ਦਿਨ ਤੋਂ ਪ੍ਰਣ ਕਰ ਲਿਆ ਕਿ ਉਹ ਉਚ ਵਿੱਦਿਆ ਪ੍ਰਾਪਤ ਕਰਕੇ ਨੌਕਰੀ 'ਤੇ ਲੱਗਣ ਤੋਂ ਬਾਅਦ ਆਪਣੀ 'ਇਕ ਅੱਖ ਵਾਲੀ ਮਾਂ' ਤੋਂ ਦੂਰ ਚਲਾ ਜਾਵੇਗਾ। ਇੰਝ ਹੀ ਹੋਇਆ ਤੇ ਸੱਚਮੁੱਚ ਆਪਣੀ ਮਾਂ ਨੂੰ ਇਕੱਲੀ ਛੱਡ ਕੇ ਦੂਰ ਕਿਸੇ ਸ਼ਹਿਰ ਜਾ ਕੇ ਰਹਿਣ ਲੱਗ ਪਿਆ। ਉਸ ਨੇ ਵਿਆਹ ਕਰਵਾ ਲਿਆ ਤੇ ਸਮਾਂ ਪਾ ਕੇ ਉਸ ਦੇ ਘਰ ਬੱਚੇ ਵੀ ਹੋ ਗਏ। ਇਕ ਦਿਨ ਲੱਭਦੀ ਲਭਾਉਂਦੀ ਉਸ ਦੀ ਇਕ ਅੱਖ ਵਾਲੀ ਲਾਚਾਰ ਮਾਂ ਸ਼ਹਿਰ 'ਚ ਉਸ ਦੇ ਨਵੇਂ ਘਰ ਦੇ ਦਰਵਾਜ਼ੇ ਸਾਹਮਣੇ ਪਹੁੰਚ ਗਈ। ਅੰਦਰ ਖੇਡਦੇ ਬੱਚੇ ਤੇ ਔਰਤ ਨੂੰ ਵੇਖ ਕੇ ਉਹ ਪ੍ਰਸੰਨ ਹੋਈ, ਪਰ ਪੁੱਤ ਆਪਣੀ ਮਾਂ ਨੂੰ ਇੰਨੇ ਲੰਮੇ ਸਮੇਂ ਤੋਂ ਬਾਅਦ ਅਚਾਨਕ ਮਿਲਣ 'ਤੇ ਵੀ ਸ਼ਾਇਦ ਖੁਸ਼ ਨਾ ਹੋਇਆ। ਉਸ ਨੇ ਮਾਂ ਨੂੰ ਘਰ ਦੇ ਅੰਦਰ ਲਿਜਾਣ ਦੀ ਥਾਂ ਬਾਹਰ ਆ ਕੇ ਘੂਰੀ ਵੱਟੀ ਤੇ ਟੁੱਟ ਕੇ ਪੈਂਦਿਆਂ ਕਿਹਾ ਕਿ 'ਤੂੰ ਅੱਜ ਵੀ ਇਸ ਇਕ ਅੱਖ ਵਾਲੇ ਮਨਹੂਸ ਚਿਹਰੇ ਨੂੰ ਲੈ ਕੇ ਇਥੇ ਤੱਕ ਪਹੁੰਚ ਗਈ। ਚਲੀ ਜਾ ਤੇ ਅੱਜ ਤੋਂ ਬਾਅਦ ਮੇਰੇ ਮੱਥੇ ਨਾ ਲੱਗੀ। ਮੈਂ ਤਾਂ ਕਹਿੰਦਾ ਹਾਂ ਕਿ ਤੂੰ ਅੱਜ ਤੱਕ ਮਰ ਕਿਉਂ ਨਹੀਂ ਗਈ।' ਅਜਿਹੇ ਸ਼ਬਦਾਂ ਨੂੰ ਸੁਣਦੀ ਹੋਈ ਉਹ ਮਾਂ ਉਥੋਂ ਪਤਾ ਨਹੀਂ ਕਿੱਥੇ ਚਲੀ ਗਈ ਸੀ। ਥੋੜ੍ਹੇ ਕੁ ਦਿਨ ਬੀਤੇ ਤਾਂ ਕਾਲਜ ਵਾਲਿਆਂ ਨੇ ਇਕ ਸਮਾਰੋਹ ਕਰਵ-ਾਇਆ, ਜਿਸ ਵਿੱਚ ਉਨ੍ਹਾਂ ਨੇ ਪੁਰਾਣੇ ਵਿਦਿਆਰਥੀ ਵੀ ਸੱਦੇ ਸਨ।

ਸ਼ਹਿਰ 'ਚ ਰਹਿੰਦੇ ਇਸ ਲੜਕੇ ਨੂੰ ਸੱਦਾ ਪੱਤਰ ਮਿਲਣ 'ਤੇ ਬੜੀ ਪ੍ਰਸੰਨਤਾ ਹੋਈ ਕਿਉਂਕਿ ਪੁਰਾਣੇ ਯਾਰਾਂ ਮਿੱਤਰਾਂ ਨੂੰ ਮਿਲਣ ਦਾ ਮੌਕਾ ਬਣ ਗਿਆ ਸੀ। ਤੈਅ ਸਮਾਂ ਸਾਰਨੀ ਮੁਤਾਬਕ ਇਸ ਨੇ ਸਮਾਰੋਹ 'ਚ ਸ਼ਮੂਲੀਅਤ ਕੀਤੀ ਤੇ ਸਮਾਪਤੀ ਤੋਂ ਬਾਅਦ ਸਿੱਧਾ ਆਪਣੇ ਪੁਰਾਣੇ ਘਰ ਗਿਆ, ਜਿਥੇ ਕਿ ਉਸ ਦੀ 'ਇਕ ਅੱਖ ਵਾਲੀ ਮਾਂ' ਰਹਿੰਦੀ ਸੀ। ਸ਼ਾਇਦ ਉਸ ਦੇ ਜਾਣ ਦਾ ਕਾਰਨ ਤੇ ਵਜ੍ਹਾ ਇਹੋ ਸੀ ਕਿ ਜਾਂਦਾ-ਜਾਂਦਾ ਮਾਂ ਨੂੰ ਕਹਿ ਜਾਵੇ ਕਿ ਉਹ ਠੀਕ ਇਸੇ ਤਰ੍ਹਾਂ ਮੈਥੋਂ ਤੇ ਮੇਰੇ ਪਰਵਾਰ ਤੋਂ ਦੂਰ ਰਹੇ ਤੇ ਮੁੜ ਕਦੇ ਸਾਡੀ ਜ਼ਿੰਦਗੀ 'ਚ ਦਖਲ ਨਾ ਦੇਵੇ। ਘਰ ਪਹੁੰਚਣ 'ਤੇ ਉਸ ਨੂੰ ਪਤਾ ਚੱਲਿਆ ਕਿ ਉਸ ਦੀ ਮਾਂ ਦੀ ਮੌਤ ਹੋ ਚੁੱਕੀ ਹੈ। ਇੰਨੀ ਦੁਖਦਾਈ ਗੱਲ ਪਤਾ ਲੱਗਣ ਦੇ ਬਾਵਜੂਦ ਉਸ ਦੀਆਂ ਅੱਖਾਂ ਅੱਥਰੂ ਰਹਿਤ ਤੇ ਚਿਹਰਾ ਗਮ ਰਹਿਤ ਸੀ। ਉਹ ਤਾਂ ਸ਼ਾਇਦ ਮਨ ਹੀ ਮਨ 'ਇਕ ਅੱਖ ਵਾਲੀ ਮਾਂ' ਤੋਂ ਮਿਲੇ ਇਸ ਅਚਨਚੇਤ ਛੁਟਕਾਰੇ ਤੋਂ ਪ੍ਰਸੰਨ ਸੀ। ਠੀਕ ਉਸੇ ਵੇਲੇ ਕਿਸੇ ਗੁਆਂਢੀ ਨੇ ਉਸ ਨੂੰ ਇਕ ਪੱਤਰ ਫੜਾਉਂਦਿਆਂ ਕਿਹਾ, 'ਕਾਕਾ! ਤੇਰੀ ਮਾਂ ਨੇ ਇਹ ਪੱਤਰ ਮਰਨ ਤੋਂ ਪਹਿਲਾਂ ਤੈਨੂੰ ਫੜਾਉਣ ਲਈ ਕਿਹਾ ਸੀ।' ਹੱਥ ਵਿੱਚ ਫੜਿਆ ਪੱਤਰ ਉਸ ਨੇ ਖੋਲ੍ਹ ਕੇ ਪੜ੍ਹਨਾ ਸ਼ੁਰੂ ਕਰ ਦਿੱਤਾ ਸੀ, ਜਿਸ ਵਿੱਚ ਉਸ ਦੀ 'ਇਕ ਅੱਖ ਵਾਲੀ ਮਾਂ' ਨੇ ਆਪਣੇ ਪੁੱਤਰ ਨੂੰ ਪਿਆਰ ਭਰੀ ਅਸੀਸ ਦੇਣ ਤੋਂ ਬਾਅਦ ਇਕ ਬਹੁਤ ਹੀ ਵੱਡੇ ਰਹੱਸ ਬਾਰੇ ਗੱਲ ਇਉਂ ਕੀਤੀ ਸੀ। ਉਸ ਨੇ ਲਿਖਿਆ ਸੀ, 'ਪੁੱਤਰਾ! ਜਦੋਂ ਤੂੰ ਬਚਪਨ ਵਿੱਚ ਬਾਹਰ ਗਲੀ 'ਚ ਖੇਡਦਾ ਸੀ ਤਾਂ ਕਿਸੇ ਨੇ ਤੇਰੀ ਅੱਖ 'ਚ ਪੱਥਰ ਮਾਰ ਕੇ ਅੱਖ ਖਰਾਬ ਕਰ ਦਿੱਤੀ ਸੀ। ਮੈਂ ਤੈਨੂੰ ਆਪਣੀ ਹੈਸੀਅਤ ਮੁਤਾਬਕ ਚੰਗੇ ਤੋਂ ਚੰਗੇ ਡਾਕਟਰ ਕੋਲ ਲੈ ਕੇ ਗਈ ਕਿ ਤੇਰੀ ਅੱਖ ਦਾ ਇਲਾਜ ਹੋ ਸਕੇ। ਆਖਰ ਡਾਕਟਰਾਂ ਨੇ ਜਵਾਬ ਦੇ ਦਿੱਤਾ ਸੀ ਕਿ ਤੇਰੀ ਅੱਖ ਨਹੀਂ ਬਣ ਸਕਦੀ। ਮੈਂ ਤਾਂ ਮਾਂ ਸੀ ਤੇ ਮੇਰੀ ਮਮਤਾ ਇਸ ਗੱਲ ਦੀ ਇਜਾਜ਼ਤ ਨਹੀਂ ਸੀ ਦਿੰਦੀ ਕਿ ਮੇਰਾ ਪੁੱਤ ਸਾਰੀ ਉਮਰ ਇਕ ਅੱਖ ਨਾਲ ਗੁਜ਼ਾਰਾ ਕਰੇ ਤੇ ਲੋਕ ਉਸ ਨੂੰ 'ਇਕ ਅੱਖ ਵਾਲਾ' ਕਹਿ ਕੇ ਮਜ਼ਾਕ ਉਡਾਉਣ। ਥੋੜ੍ਹੇ ਸਮੇਂ ਬਾਅਦ ਹੀ ਮੈਂ ਆਪਣੀ ਇਕ ਅੱਖ ਤੈਨੂੰ ਦੇ ਦਿੱਤੀ ਸੀ, ਜਿਸ ਨਾਲ ਤੂੰ ਰਹਿੰਦੇ ਸੁਆਸਾਂ ਤੱਕ 'ਦੁਨੀਆ' ਦੇਖ ਸਕੇਂਗਾ। ਮੈਂ ਮਾਫੀ ਵੀ ਮੰਗਦੀ ਹਾਂ ਕਿ ਤੈਨੂੰ ਸਮੇਂ-ਸਮੇਂ 'ਤੇ ਮੇਰੀ ਇਕੋ ਅੱਖ ਹੋਣ ਕਾਰਨ ਨਮੋਸ਼ੀ ਦਾ ਸਾਹਮਣਾ ਵੀ ਕਰਨਾ ਪਿਆ। ਸ਼ਾਇਦ ਫਿਰ ਕਦੀ ਤੂੰ ਮੇਰੇ ਕਾਰਨ ਬੇਇੱਜ਼ਤੀ ਦਾ ਸ਼ਿਕਾਰ ਨਹੀਂ ਹੋਵੇਂਗਾ। ਤੇਰੀ ਮਨਹੂਸ ਤੇ ਕਰੂਪ ਚਿਹਰੇ ਵਾਲੀ ਮਾਂ।'

ਇਥੋਂ ਤੱਕ ਪੱਤਰ ਨੂੰ ਪੜ੍ਹਨ ਤੋਂ ਬਾਅਦ ਉਹ ਲੜਕਾ ਅੱਥਰੂਆਂ ਦੇ ਵਹਿਣ 'ਚ ਵਹਿ ਤੁਰਿਆ। ਇਹ ਅੱਥਰੂ ਜਾਂ ਤਾਂ ਪਛਤਾਵੇ ਦੇ ਜਾਂ ਸਵੈ ਲਾਹਣਤਾਂ ਪਾਉਣ ਵਾਲੇ ਸਨ। ਅਫਸੋਸ ਵਿੱਚ ਗੜੁੱਚ ਉਹ ਪੁਰਾਣੇ ਘਰ ਵਿੱਚ ਇਕੱਲਾ ਖਲੋਤਾ ਸੀ ਤੇ ਉਸ ਦੀ 'ਇਕ ਅੱਖ ਵਾਲੀ ਮਾਂ' ਮਹਾਨਤਾ ਤੇ ਦਾਨੀਪੁਣੇ ਦੀਆਂ ਸਾਰੀਆਂ ਮੰਜ਼ਿਲਾਂ ਸਰ ਕਰਦੀ ਹੋਈ ਉਸ ਤੋਂ ਸਦਾ ਲਈ ਦੂਰ ਜਾ ਚੁੱਕੀ ਸੀ। ਉਸ ਲੜਕੇ ਨੂੰ ਸ਼ਾਇਦ ਪਛਤਾਵਾ ਕਰਨ ਵਿੱਚ ਕਾਫੀ ਦੇਰ ਹੋ ਚੁੱਕੀ ਸੀ।

ਮੈਂ ਕਿਤਾਬ ਦੇ ਵਰਕਿਆਂ ਨੂੰ ਅੱਥਰੂਆਂ ਨਾਲ ਕਾਫੀ ਸਿੱਲ੍ਹਾ ਕਰ ਚੁੱਕਾ ਸਾਂ ਤੇ ਇਸ ਕਹਾਣੀ ਵਿਚਲੇ ਘਟਨਾਕ੍ਰਮ ਤੋਂ ਬੜੀ ਹੀ ਵੱਡੀ ਸਿੱਖਿਆ ਲੈਣ ਦਾ ਯਤਨ ਕਰਦਾ ਹੋਇਆ ਅੰਮ੍ਰਿਤਾ ਪ੍ਰੀਤਮ ਦੀਆਂ 'ਮਾਂ' ਬਾਰੇ ਲਿਖੀਆਂ ਸਤਰਾਂ ਨੂੰ ਮਨ ਹੀ ਮਨ ਯਾਦ ਕਰ ਰਿਹਾ ਸਾਂ, ਜੋ ਕਿ ਇਸ ਤਰ੍ਹਾਂ ਸਨ:

'ਭਾਵੇਂ ਕਿੱਡਾ ਹੀ ਬੱਚਾ ਨਲਾਇਕ ਹੋਵੇ,
ਉਹਨੂੰ ਫੇਰ ਵੀ ਨਹੀਂ ਦੁਰਕਾਰਦੀ ਮਾਂ।
'ਅੰਮ੍ਰਿਤ' ਸੱਚਾ ਹੈ, ਸਾਕ ਇਹ ਆਂਦਰਾਂ ਦਾ,
ਸੱਚਮੁੱਚ ਹੀ ਪੁਤਲੀ, ਪਿਆਰ ਦੀ ਮਾਂ।'

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
ਲੇਡੀ ਇੰਸਟ੍ਰਕਟਰ
] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
647-998-7500 ਬਲਵਿੰਦਰ

UPPAL LAW
FREE CONSULTATION !
Avtar Uppal Manager
Aman Uppal BARRISTER, SOLICITOR
IMMIGRATION SERVICES :
- Visitor Visa ($200)
- Supervisa ($200)
- Study, Work, Visitor Extension ($125)
- Spousal Applications ($600)
- Family Sponsorship
- Permanent Residence Card Renewal ($65)
- Citizenship Applications ($70)
- All Invitation letters ($35)
OTHER PRACTICES:
- Criminal Law
- Power of Attorney ($60)
- Change of Name ($115)
- Notarization ($15)
- Travel Consent ($20)
- Affidavit ($35)
- Landlord and Tenant Matters ($250)
Prices are subject to Taxes, do not include Government fees and service by appointment only.
Offer valid until 9/30/201
Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6

FIRST CHOICE FINANCIAL LIMITED
TRUCK LOANS
ਟੱਰਕ ਲੋਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada
For more Information Contact
Rajdeep: 647.707.4167
Office: 905.678.2424

Tri-City Professional Realty Inc., Brokerage
Number 1 Tri-City agent in Canada on basis of sales volume 2015
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection
ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777
31 Melanie Dr. Unit #4 Brampton, ON L6T 5H8
Avtar Singh Tiwana Sales Rep
SOLD $645,000 Darcel/Brandon Gate
ਬਹੁਤ ਹੀ ਸੋਹਣਾ 3+1 ਬੈਡਰੂਮ, 2 ਵਾਸ਼ਰੂਮ ਦਾ ਸੈਮੀ ਡਿਟੈਚ ਘਰ, ਨਵੇਂ ਫਰੰਟ ਡੋਰ, ਈਟ ਇਨ ਕਿਚਨ, ਕੈਲੀਫੋਰਨੀਆ ਸ਼ਟਰਜ਼, ਸਹੂਲਤਾਂ ਵਿੱਚ ਗਰਾਜ ਉਪਨਰ, ਫਰਨਿਸ, ਲੈਮੀਨੇਟਡ ਫਲੋਰ।
FOR SALE $799,900 Chinguacousy/Sandalwood
5 ਬੈਡਰੂਮ + 3 ਵਾਸ਼ਰੂਮ ਦਾ ਬਹੁਤ ਹੀ ਸੋਹਣਾ ਸੈਮੀ ਡੀਟੈਚਡ, ਡਬਲ ਸਟੋਰੀ ਘਰ, ਹਾਰਡਵੁਡ ਫਲੋਰ, ਡਬਲ ਡੋਰ ਗਰਾਜ, ਸਕੂਲ, ਬੱਸ ਸਟਾਪ, ਜਿਮ ਆਦਿ ਸਹੂਲਤਾਂ ਦੇ ਨੇੜੇ।
FOR SALE $3,249,000 Niagara Falls Ontario
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।
FOR SALE $1,129,900 Castlemore/Goreway
4 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਡਿਟੈਚਡ ਘਰ, 3500 ਸਕੇਅਰ ਫੁੱਟ, ਹਾਰਡਵੁਡ ਫਲੋਰ, ਮੇਨ ਫਲੋਰ ਨੂੰ ਡੇਂਨ, ਬੈਸਮੈਂਟ ਨੂੰ ਸੈਪਰੇਟ ਏਨਟਰੈਂਸ। ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਮਾਲ ਆਦਿ ਦੇ ਨੇੜੇ।

# ਆਰ ਟੀ ਆਈ ’ਚ ਖੁਲਾਸਾ, ਸਵਿਸ ਬੈਂਕਾਂ ਤੋਂ ਕਈ ਗੁਣਾ ਵੱਧ ਪੈਸਾ ਦੇਸ਼ ਵਿੱਚ ਖੇਤੀ ਤੇ ਪਿੰਡਾਂ ਦੇ ਬਹਾਨੇ ਡਕਾਰਿਆ ਗਿਆ

ਫਿਲੌਰ, 31 ਅਕਤੂਬਰ (ਪੋਸਟ ਬਿਊਰੋ)- ਸਵਿਸ ਬੈਂਕ ਵਿੱਚ ਭਾਰਤੀਆਂ ਦੇ ਪਏ ਹੋਏ ਕਾਲੇ ਧਨ ਤੋਂ ਕਈ ਗੁਣਾ ਵੱਧ ਧਨ ਦੇਸ਼ ਦੇ ਲੋਕ ਖੇਤੀ ਅਤੇ ਪੇਂਡੂ ਵਿਕਾਸ ਦੇ ਨਾਂਅ ਉਤੇ ਕਰਜ਼ੇ ਲੈ ਕੇ ਡਕਾਰ ਚੁੱਕੇ ਹਨ। ਇਹ ਖੁਲਾਸਾ ਆਰ ਟੀ ਆਈ ਰਾਹੀਂ ਮਿਲੀ ਜਾਣਕਾਰੀ ਤੋਂ ਸਾਹਮਣੇ ਆਇਆ ਹੈ।

ਜਾਣੇ-ਪਛਾਣੇ ਆਰ ਟੀ ਆਈ ਵਰਕਰ ਰੋਹਿਤ ਸਭਰਵਾਲ ਨੇ ਦੱਸਿਆ ਕਿ ਉਨ੍ਹਾਂ ਰਿਜ਼ਰਵ ਬੈਂਕ ਆਫ ਇੰਡੀਆ ਤੋਂ ਜਾਣਕਾਰੀ ਮੰਗੀ ਸੀ ਕਿ ਦੇਸ਼ ਦੇ ਲੋਕਾਂ ਨੇ ਬੈਂਕਾਂ ਦਾ ਕਿੰਨਾ ਕੁ ਰੁਪਿਆ ਲੋਨ ਲੈ ਕੇ ਨਹੀਂ ਮੋੜਿਆ। ਰਿਜ਼ਰਵ ਬੈਂਕ ਨੇ ਸਿਰਫ ਉਨ੍ਹਾਂ ਨੂੰ ਅਜੇ ਰਾਸ਼ਟਰੀ ਅਤੇ ਦਿਹਾਤੀ ਵਿਕਾਸ ਬੈਂਕਾਂ ਦੀ ਸੂਚੀ ਹੀ ਦਿੱਤੀ ਹੈ, ਜਿਸ ਦੇ ਅੰਕੜੇ ਪੜ੍ਹ ਕੇ ਉਹ ਦੰਗ ਰਹਿ ਗਏ। ਸੂਚਨਾ ਮੁਤਾ-ਬਕ ਭਾਰਤ ਸਰਕਾਰ ਨੇ ਖੇਤੀ ਅਤੇ ਪਿੰਡਾਂ ਨੂੰ ਆਧੁਨਿਕ ਬਣਾਉਣ ਲਈ 12 ਜੁਲਾਈ 1982 ਨੂੰ ਜ਼ਿਲ੍ਹਾ ਪੱਧਰ ਉਤੇ ਕੋ-ਆਪਰੇਟਿਵ ਸੈਂਟਰਲ ਬੈਂਕ, ਰੀਜਨਲ ਰੂਰਲ ਬੈਂਕ ਤੇ ਸਟੇਟ ਕੋ-ਆਪਰੇਟਿਵ ਬੈਂਕਾਂ ਦੀ ਸਥਾਪਨਾ



ਕੀਤੀ ਸੀ। ਇਨ੍ਹਾਂ ਰਾਹੀਂ ਦੇਸ਼ ਦੇ ਲੋਕਾਂ ਨੇ ਅਰਬਾਂ ਰੁਪਏ ਦਾ ਕਰਜ਼ਾ ਲਿਆ, ਜਿਨ੍ਹਾਂ ਵਿੱਚੋਂ 54250 ਕਰੋੜ ਰੁਪਏ ਦੇਸ਼ ਦੇ ਲੋਕ ਹੜੱਪ ਕਰ ਗਏ, ਮੋੜੇ ਹੀ ਨਹੀਂ ਅਤੇ ਬੈਂਕਾਂ ਨੇ ਉਸ ਨੂੰ ਡਿਫਾਲਟਰ ਸੂਚੀ ਵਿੱਚ ਪਾ ਦਿੱਤਾ। ਇਸ ਤੋਂ ਇਲਾਵਾ 375 ਕਰੋੜ ਰੁਪਏ ਦੀ ਰਾਸ਼ੀ ਇਨ੍ਹਾਂ ਬੈਂਕਾਂ ਦੀ ਅਜਿਹੀ ਹੈ, ਜਿਸ ਵਿੱਚ ਇੱਕੋ ਵਿਅਕਤੀ ਨੇ 100 ਕਰੋੜ ਰੁਪਏ ਜਾਂ ਫਿਰ ਇਸ ਤੋਂ ਉਪਰ ਦਾ ਕਰਜ਼ਾ ਲੈ ਕੇ ਵਾਪਸ ਨਹੀਂ ਕੀਤਾ। ਰੋਹਿਤ ਸਭਰਵਾਲ ਨੇ ਦੱਸਿਆ ਕਿ ਮੋਦੀ ਸਰਕਾਰ ਨੇ ਕੇਂਦਰ ਦੀ ਸੱਤਾ ਵਿੱਚ ਆਉਣ ਤੋਂ ਪਹਿਲਾਂ ਲੋਕਾਂ ਨੂੰ ਭਰੋਸਾ ਦਿੱਤਾ ਸੀ ਕਿ ਉਹ ਸਵਿਸ ਬੈਂਕਾਂ ਵਿੱਚ ਪਈ ਦੋ ਨੰਬਰ ਦੀ ਕਮਾਈ ਦੇ ਰੁਪਏ ਵਾਪਸ ਲਿਆ ਕੇ ਦੇਸ਼ ਨੂੰ ਖੁਸ਼ਹਾਲ ਬਣਾਉਣਗੇ, ਪਰ ਉਸ ਦੇ ਉਲਟ ਦੇਸ਼ ਦੇ ਹੀ ਲੋਕ ਖੇਤੀ ਅਤੇ ਪੇਂਡੂ ਵਿਕਾਸ ਦੇ ਨਾਂਅ 'ਤੇ ਬੈਂਕ ਦਾ 54250 ਕਰੋੜ ਰੁਪਏ ਦਾ ਕਰਜ਼ਾ ਲੈ ਕੇ ਡਕਾਰ ਚੁੱਕੇ ਹਨ ਅਤੇ ਜਿਨ੍ਹਾਂ ਨੂੰ ਬੈਂਕਾਂ ਦੇ ਅਧਿਕਾਰੀ ਪੂਰੀ ਤਰ੍ਹਾਂ ਡੁੱਬੀ ਹੋਈ ਰਕਮ ਦੀ ਸੂਚੀ 'ਚ ਪਾ ਚੁੱਕੇ ਹਨ। ਉਨ੍ਹਾਂ ਦੱਸਿਆ ਕਿ ਇਹ ਜਾਣਕਾਰੀ ਅਜੇ ਸਿਰਫ ਖੇਤੀ ਤੇ ਦਿਹਾਤੀ ਬੈਂਕਾਂ ਦੀ ਮਿਲੀ ਹੈ। ਜੇ ਦੂਜੇ ਹੋਰਨਾਂ ਬੈਂਕਾਂ ਦੀ ਜਾਣਕਾਰੀ ਲਈ ਜਾਵੇ ਤਾਂ ਇਹ ਰਕਮ ਇੰਨੀ ਵੱਧ ਹੋ ਜਾਵੇਗੀ, ਜਿਸ ਤੋਂ ਪਤਾ ਲੱਗਦਾ ਹੈ ਕਿ ਦੇਸ਼ ਦੀ ਅਰਥ ਵਿਵਸਥਾ ਕਿਨ੍ਹਾਂ ਕਾਰਨਾਂ ਕਰ ਕੇ ਲੜਖੜਾ ਚੁੱਕੀ ਹੈ ਕਿਉਂਕਿ ਉਨ੍ਹਾਂ ਬੈਂਕਾਂ ਦੀ ਡਿਫਾਲਟਰਾਂ ਦੀ ਸੂਚੀ 'ਚ ਮਾਲਿਆ ਤੇ ਨੀਰਵ ਮੋਦੀ ਵਰਗੇ ਲੋਕ ਵੀ ਸ਼ਾਮਲ ਹਨ।

# ਆਮ ਆਦਮੀ ਪਾਰਟੀ ਨੇ ਪੰਜ ਲੋਕ ਸਭਾ ਸੀਟਾਂ ਲਈ ਉਮੀਦਵਾਰ ਐਲਾਨ ਕੀਤੇ

* ਸੰਗਰੂਰ ਤੋਂ ਭਗਵੰਤ ਮਾਨ ਫਿਰ ਚੋਣ ਲੜੇਗਾ
* ਸਾਧੂ ਸਿੰਘ, ਰਵਜੋਤ, ਧਾਲੀਵਾਲ ਤੇ ਸ਼ੇਰਗਿੱਲ ਉਮੀਦਵਾਰ ਬਣਾਏ

ਚੰਡੀਗੜ੍ਹ, 31 ਅਕਤੂਬਰ (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਨੇ ਸਾਲ 2019 ਦੀਆਂ ਲੋਕ ਸਭਾ ਚੋਣਾਂ ਲਈ ਪੰਜ ਉਮੀਦਵਾਰਾਂ ਦਾ ਐਲਾਨ ਕੱਲ੍ਹ ਕਰ ਦਿੱਤਾ ਹੈ। ਇਸ ਦਾ ਫੈਸਲਾ ਪਾਰਟੀ ਦੀ ਸੂਬਾ ਕੋਰ ਕਮੇਟੀ ਦੀ ਪਿਛਲੀ ਬੈਠਕ ਦੌਰਾਨ ਲਿਆ ਗਿਆ ਹੈ। ਇਸ ਮੌਕੇ ਪਾਰਟੀ ਨੇ ਤਲਵੰਡੀ ਸਾਬੋ ਤੋਂ ਵਿਧਾਇਕ ਪ੍ਰੋਫੈਸਰ ਬਲ-ਜਿੰਦਰ ਕੌਰ ਨੂੰ ਸੂਬਾ ਇਕਾਈ ਦੀ ਮੁੱਖ ਬੁਲਾਰਾ ਨਿਯੁਕਤ ਕੀਤਾ ਹੈ।

ਚੰਡੀਗੜ੍ਹ ਵਿਖੇ ਮੀਡੀਆ ਨੂੰ ਸੰਬੋਧਨ ਕਰਦਿਆਂ ਸੂਬਾ ਕੋਰ ਕਮੇਟੀ ਦੇ ਮੁਖੀ ਪ੍ਰਿੰਸੀਪਲ ਬੁੱਧ ਰਾਮ ਅਤੇ ਪ੍ਰੋਫੈਸਰ ਬਲਜਿੰਦਰ ਕੌਰ ਨੇ ਕਿਹਾ ਕਿ ਪਾਰਟੀ ਨੇ ਮੌਜੂਦਾ ਪਾਰਲੀਮੈਂਟ ਮੈਂਬਰਾਂ ਸੰਗਰੂਰ ਅਤੇ ਫਰੀਦਕੋਟ ਤੋਂ ਭਗਵੰਤ ਮਾਨ ਅਤੇ ਪ੍ਰੋਫੈਸਰ ਸਾਧੂ ਸਿੰਘ ਨੂੰ ਮੈਦਾਨ ਵਿੱਚ ਫਿਰ ਉਤਰਨ ਦਾ ਫੈਸਲਾ ਕੀਤਾ ਹੈ। ਡਾਕਟਰ ਰਵਜੋਤ ਸਿੰਘ, ਜਿਨ੍ਹਾਂ ਨੇ 2017 ਦੀ ਵਿਧਾਨ ਸਭਾ ਚੋਣਾਂ ਹਲਕਾ ਸ਼ਾਮ ਚੁਰਾਸੀ ਤੋਂ ਲੜੀ ਤੇ 42797 ਵੋਟਾਂ ਲਈਆਂ ਸਨ, ਨੂੰ ਹੁਸ਼ਿਆਰਪੁਰ ਤੋਂ ਪਾਰਟੀ ਦਾ ਉਮੀਦਵਾਰ ਐਲਾਨਿਆ ਗਿਆ ਹੈ। ਇਸੇ ਤਰ੍ਹਾਂ 2017 ਵਿਧਾਨ ਸਭਾ ਚੋਣਾਂ ਵਿੱਚ ਮੋਹਾਲੀ ਤੋਂ ਚੋਣ ਲੜਨ ਵਾਲੇ ਨਰਿੰਦਰ ਸਿੰਘ ਸ਼ੇਰਗਿੱਲ ਨੂੰ 2019 ਦੀਆਂ ਲੋਕ ਸਭਾ ਚੋਣਾਂ ਵਿੱਚ ਆਨੰਦਪੁਰ ਸਾਹਿਬ ਤੋਂ ਉਮੀਦਵਾਰ ਐਲਾਨ ਕੀਤਾ ਹੈ। ਵਰਨਣ ਯੋਗ ਹੈ ਕਿ ਨਰਿੰਦਰ ਸਿੰਘ ਸ਼ੇਰਗਿੱਲ 2017 ਦੀਆਂ ਚੋਣਾਂ ਵਿੱਚ ਮੋਹਾਲੀ ਹਲਕੇ ਤੋਂ 38971 ਵੋਟਾਂ ਹਾਸਲ ਕਰ ਕੇ ਦੂਜੇ ਨੰਬਰ ਉੱਤੇ ਆਏ ਸਨ। ਪਾਰਟੀ ਨੇ ਮਾਝਾ ਜ਼ੋਨ ਦੇ ਇੰਚਾਰਜ ਕੁਲਦੀਪ ਸਿੰਘ ਧਾਲੀਵਾਲ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਉਮੀਦਵਾਰ ਐਲਾਨਿਆ ਹੈ। ਉਹ ਪ੍ਰਗਤੀਸ਼ੀਲ ਅਤੇ ਮਿਹਨਤੀ ਕਿਸਾਨ ਹੋਣ ਦੇ ਨਾਲ ਸਮਾਜ ਭਲਾਈ ਲਈ ਸਰਗਰਮੀਆਂ ਵਿੱਚ ਹਿੱਸਾ ਲੈਂਦੇ ਆ ਰਹੇ ਹਨ। ਪ੍ਰਿੰਸੀਪਲ ਬੁੱਧ ਰਾਮ ਨੇ ਕਿਹਾ ਕਿ ਵਰਕਰਾਂ ਦੀਆਂ ਇੱਛਾਵਾਂ ਨੂੰ ਮੱਦੇਨਜ਼ਰ ਰੱਖਦਿਆਂ ਪਾਰਟੀ ਨੇ ਉਨ੍ਹਾਂ ਲੋਕਾਂ ਨੂੰ ਟਿਕਟਾਂ ਦਿੱਤੀਆਂ ਹਨ, ਜੋ ਪੰਜਾਬ ਦੇ ਲੋਕਾਂ ਦੀ ਆਵਾਜ਼ ਚੁੱਕਦੇ ਆ ਰਹੇ ਹਨ।

# ਪੰਜਾਬ ’ਚ ਆਪ ਪਾਰਟੀ ਦੀ ਮੁੜ ਏਕਤਾ ਦੇ ਆਸਾਰ ਮੱਧਮ



ਪ੍ਰੈਸ ਕਾਨਫਰੰਸ ਦੌਰਾਨ ਸੁਖਪਾਲ ਖਹਿਰਾ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ।

ਚੰਡੀਗੜ੍ਹ, 31 ਅਕਤੂਬਰ (ਪੋਸਟ ਬਿਊਰੋ)- ਪੰਜਾਬ ਵਿੱਚ ਆਮ ਆਦਮੀ ਪਾਰਟੀ (ਆਪ) ਦੇ ਦੋਵਾਂ ਧੜਿਆਂ ਦੀ ਏਕਤਾ ਦੇ ਆਸਾਰ ਤਕਰੀਬਨ ਮੁੱਕ ਗਏ ਹਨ। ਦੋਵਾਂ ਧਿਰਾਂ ਨੇ ਵੱਖੋ-ਵੱਖ ਪ੍ਰੈਸ ਕਾਨਫਰੰਸਾਂ ਕਰਕੇ ਆਪਣੇ ਇਰਾਦੇ ਜ਼ਾਹਰ ਕਰ ਦਿੱਤੇ ਹਨ। ਪਾਰਟੀ ਦੀ ਕੋਰ ਕਮੇਟੀ ਦੇ ਚੇਅਰਮੈਨ ਪ੍ਰਿੰਸੀਪਲ ਬੁੱਧ ਰਾਮ ਨੇ ਲੋਕ ਸਭਾ ਚੋਣਾਂ ਲਈ ਪੰਜ ਉਮੀਦਵਾਰਾਂ ਦੇ ਨਾਮ ਐਲਾਨ ਕਰ ਕੇ ਦੋਸ਼ ਲਾਇਆ ਕਿ ਬਾਗੀ ਖਹਿਰਾ ਧੜੇ ਵੱਲੋਂ ਏਕਤਾ ਲਈ ਯਤਨਸ਼ੀਲ ਵਿਧਾਇਕ ਸਰਵਜੀਤ ਕੌਰ ਮਾਣੂੰਕੇ ਨੂੰ ਧਮਕੀਆਂ ਦਿਵਾਈਆਂ ਜਾ ਰਹੀਆਂ ਹਨ। ਦੂਜੇ ਪਾਸੇ ਖਹਿਰਾ ਧੜੇ ਨੇ ਪ੍ਰੈਸ ਕਾਨਫਰੰਸ ਦੌਰਾਨ ਦੋਸ਼ ਲਾਇਆ ਕਿ ਪਾਰਟੀ ਨੇ ਪੰਜ ਉਮੀਦਵਾਰਾਂ ਦਾ ਐਲਾਨ ਕਰਕੇ ਏਕਤਾ ਦੇ ਯਤਨਾਂ ਦਾਂ ਭੋਗ ਪਾ ਦਿੱਤਾ ਹੈ।

ਕੱਲ੍ਹ ਪਹਿਲਾਂ ਆਮ ਆਦਮੀ ਪਾਰਟੀ ਦੀ ਕੋਰ ਕਮੇਟੀ ਦੇ ਚੇਅਰਮੈਨ ਪ੍ਰਿੰਸੀਪਲ ਬੁੱਧ ਰਾਮ, ਮੁੱਖ ਬੁਲਾਰਾ ਅਤੇ ਵਿਧਾਇਕਾ ਪ੍ਰੋ. ਬਲਜਿੰਦਰ ਕੌਰ ਤੇ ਕਾਨੂੰਨੀ ਵਿੰਗ ਦੇ ਮੁਖੀ ਵਕੀਲ ਜਸਤੇਜ ਸਿੰਘ ਨੇ ਪ੍ਰੈਸ ਕਾਨਫਰੰਸ ਕਰਕੇ ਲੋਕ ਸਭਾ ਚੋਣਾਂ ਲਈ ਸੰਗਰੂਰ ਤੋਂ ਮੌਜੂਦਾ ਪਾਰਲੀਮੈਂਟ ਮੈਂਬਰ ਭਗਵੰਤ ਮਾਨ, ਫਰੀਦਕੋਟ ਤੋਂ ਮੌਜੂਦਾ ਪਾਰਲੀਮੈਂਟ ਮੈਂਬਰ ਪ੍ਰੋ. ਸਾਧੂ ਸਿੰਘ, ਅੰਮ੍ਰਿਤਸਰ ਤੋਂ ਮਾਝਾ ਜ਼ੋਨ ਦੇ ਪ੍ਰਧਾਨ ਕੁਲਦੀਪ ਸਿੰਘ ਧਾਲੀਵਾਲ, ਸ੍ਰੀ ਆਨੰਦਪੁਰ ਸਾਹਿਬ ਤੋਂ ਵਿੱਤ ਕਮੇਟੀ ਦੇ ਚੇਅਰਮੈਨ ਨਰਿੰਦਰ ਸਿੰਘ ਸ਼ੇਰਗਿੱਲ ਅਤੇ ਹੁਸ਼ਿਆਰਪੁਰ ਤੋਂ ਦੁਆਬਾ ਜ਼ੋਨ ਦੇ ਪ੍ਰਧਾਨ ਡਾ. ਰਵਜੋਤ ਸਿੰਘ ਨੂੰ ਉਮੀਦਵਾਰ ਐਲਾਨ ਕਰ ਦਿੱਤਾ। ਉਨ੍ਹਾਂ ਦਾਅਵਾ ਕੀਤਾ ਕਿ ਪਾਰਟੀ ਵੱਲੋਂ ਕਰਵਾਏ ਸਰਵੇ ਦੇ ਆਧਾਰ 'ਤੇ ਉਮੀਦਵਾਰਾਂ ਦੀ ਚੋਣ ਕੀਤੀ ਗਈ ਹੈ ਅਤੇ ਬਾਕੀ ਅੱਠ ਉਮੀਦਵਾਰਾਂ ਦਾ ਐਲਾਨ ਨਵੰਬਰ ਵਿੱਚ ਕਰ ਦਿੱਤਾ ਜਾਵੇਗਾ। ਬੁੱਧ ਰਾਮ ਨੇ ਕਿ ਜਦੋਂ ਖਹਿਰਾ ਵਿਰੋਧੀ ਧਿਰ ਦੇ ਆਗੂ ਸਨ ਤਾਂ ਉਸ ਵੇਲੇ ਵੀ ਪੰਜਾਬ ਇਕਾਈ ਨੂੰ ਪੂਰੀ ਖੁਦਮੁਖਤਿਆਰੀ ਸੀ ਅਤੇ ਅੱਜ ਵੀ ਪੰਜਾਬ ਦੀ ਕੋਰ ਕਮੇਟੀ ਵੱਲੋਂ ਚੁਣੇ ਉਮੀਦਵਾਰਾਂ ਉਪਰ ਹੀ ਸਿਆਸੀ ਮਾਮਲਿਆਂ ਬਾਰੇ ਕੇਂਦਰੀ ਕਮੇਟੀ ਨੇ ਮੋਹਰ ਲਾਈ ਹੈ।

ਦੂਸਰੇ ਪਾਸੇ ਸੁਖਪਾਲ ਸਿੰਘ ਖਹਿਰਾ ਨੇ ਹੰਗਾਮੀ ਹਾਲਤ ਵਿੱਚ ਪੱਤਰਕਾਰਾਂ ਨੂੰ ਸੰਬੋਧਨ ਹੁੰਦਿਆਂ ਦੋਸ਼ ਲਾਇਆ ਕਿ ਦਿੱਲੀ ਦੇ ਸਪਾਂਸਰਡ ਆਗੂਆਂ ਨੇ ਪੰਜ ਉਮੀਦਵਾਰਾਂ ਦਾ ਐਲਾਨ ਕਰਕੇ ਏਕਤਾ ਗੱਲਬਾਤ ਦੇ ਬੂਹੇ ਬੰਦ ਕਰ ਦਿੱਤੇ ਹਨ। ਖਹਿਰਾ ਨੇ ਵਿਧਾਇਕ ਕੰਵਰ ਸੰਧੂ, ਜਗਤਾਰ ਜੱਗਾ, ਜੈਕਿਸ਼ਨ ਰੋੜੀ ਅਤੇ ਪਿਰਮਲ ਸਿੰਘ ਖਾਲਸਾ ਸਮੇਤ ਮੀਡੀਏ ਕੋਲ ਦਾਅਵਾ ਕੀਤਾ ਕਿ ਉਨ੍ਹਾਂ ਏਕਤਾ ਲਈ ਆਪਣੀ ਐਡਹਾਕ ਪੀ ਏ ਸੀ ਨੂੰ ਭੰਗ ਕਰਨ ਦਾ ਮਨ ਬਣਾਇਆ ਸੀ, ਪਰ ਦੂਜੀ ਧਿਰ ਨੇ ਪੰਜ ਉਮੀਦਵਾਰਾਂ ਦਾ ਐਲਾਨ ਕਰਕੇ ਤਾਨਾਸ਼ਾਹੀ ਰਵੱਈਆ ਧਾਰਨ ਕਰ ਲਿਆ ਹੈ ਅਤੇ ਪਾਰਟੀ ਜ਼ਮਾਨਤਾਂ ਜ਼ਬਤ ਕਰਵਾਉਣ ਵਾਲੇ ਪਾਸੇ ਵੱਧ ਰਹੀ ਹੈ।

# ਬਿਹਾਰ ਤੋਂ ਸਸਤਾ ਝੋਨਾ ਲਿਆ ਕੇ ਪੰਜਾਬ ਵਿੱਚ ਮਹਿੰਗਾ ਵੇਚਣ ਦਾ ਪਰਦਾਫਾਸ਼

ਚੰਡੀਗੜ੍ਹ, 31 ਅਕਤੂਬਰ (ਪੋਸਟ ਬਿਊਰੋ)- ਦੂਸਰੇ ਰਾਜਾਂ ਤੋਂ ਸਸਤਾ ਝੋਨਾ ਲਿਆ ਕੇ ਪੰਜਾਬ ਦੀਆਂ ਮੰਡੀਆਂ ਵਿੱਚ ਵੇਚਣ ਵਿਰੁੱਧ ਖੁਰਾਕ ਅਤੇ ਸਿਵਲ ਸਪਲਾਈ ਵਿਭਾਗ ਨੇ ਕੱਲ੍ਹ ਖੰਨਾ ਦੀ ਯੂਨਾਈਟਿਡ ਐਗਰੋ ਇੰਡਸਟਰੀਜ਼ ਰਾਈਸ ਮਿਲਰਜ਼ 'ਤੇ ਛਾਪਾ ਮਾਰਿਆ ਅਤੇ ਬਿਹਾਰ ਤੋਂ ਲਿਆਂਦੇ ਝੋਨੇ ਦੀਆਂ ਪੰਜ ਹਜ਼ਾਰ ਬੋਰੀਆਂ ਫੜੀਆਂ।

ਇਸ ਵਿਭਾਗ ਦੇ ਮੁੱਖ ਵਿਜੀਲੈਂਸ ਅਫਸਰ ਡਾਕਟਰ ਰਾਕੇਸ਼ ਸਿੰਗਲਾ ਨੇ ਦੱਸਿਆ ਕਿ ਮੌਕੇ 'ਤੇ ਬਿਹਾਰ ਤੋਂ ਆਏ ਝੋਨੇ ਦੇ ਦੋ ਟਰੱਕ ਫੜੇ ਗਏ, ਜਿਨ੍ਹਾਂ ਵਿੱਚ 410 ਬੋਰੀਆਂ ਝੋਨੇ ਦੀਆਂ ਸਨ। ਮਿਲ ਵਿੱਚ ਤੀਸਰੇ ਟਰੱਕ ਤੋਂ ਝੋਨਾ ਲਾਹਿਆ ਜਾ ਰਿਹਾ ਸੀ। ਪੁੱਛਗਿੱਛ ਕਰਨ ਉੱਤੇ ਚਾਲਕਾਂ ਨੇ ਕਿਹਾ ਕਿ ਉਹ ਬਿਹਾਰ ਦੇ ਮੁਜ਼ੱਫਰਨਗਰ ਤੋਂ ਇਹ ਝੋਨਾ ਲਿਆਏ ਸਨ ਤੇ ਇਥੇ ਮਿਲ ਵਿੱਚ ਪਹੁੰਚਣ ਪਿੱਛੋਂ ਇੱਕ ਮੋਟਰ ਸਾਈਕਲ ਸਵਾਰ ਉਨ੍ਹਾਂ ਤੋਂ ਬਿਲ ਅਤੇ ਰਸੀਦਾਂ ਲੈ ਗਿਆ। ਇਹ ਮੋਟਰ ਸਾਈਕਲ ਸਵਾਰ ਮਿਲ ਮਾਲਕ ਨੇ ਭੇਜਿਆ ਦੱਸਿਆ ਗਿਆ। ਛਾਪੇ ਦੌਰਾਨ ਮਿਲ ਮਾਲਕ ਇਸ ਖਰੀਦੇ ਝੋਨੇ ਸੰਬੰਧੀ ਕੋਈ ਦਸਤਾਵੇਜ਼ ਪੇਸ਼ ਨਹੀਂ ਕਰ



ਸਿਵਲ ਸਪਲਾਈ ਵਿਭਾਗ ਵਲੋਂ ਜਬਤ ਕੀਤੀ ਗਈ ਝੋਨੇ ਦੀਆਂ ਬੋਰੀਆਂ ਨਾਲ ਭਰੀ ਗੱਡੀ।

ਸਕਿਆ। ਰਾਕੇਸ਼ ਸਿੰਗਲਾ ਨੇ ਕਿਹਾ ਕਿ ਪਹਿਲੀ ਤੱਕਣੀ ਇਹ ਦੂਸਰੇ ਰਾਜਾਂ ਤੋਂ ਸਸਤੇ ਭਾਅ 'ਤੇ ਝੋਨੇ ਦੀ ਫਸਲ ਖਰੀਦ ਕੇ ਪੰਜਾਬ ਦੀਆਂ ਮੰਡੀਆਂ ਵਿੱਚ ਵੇਚਣ ਦਾ ਕੇਸ ਲੱਗਦਾ ਹੈ। ਉਨ੍ਹਾਂ ਨੇ ਕਿਹਾ ਕਿ ਇਨ੍ਹਾਂ ਸਾਰੇ ਮਾਮਲਿਆਂ ਵਿੱਚ ਇਸ ਝੋਨੇ ਦੀ ਫਰਜ਼ੀ ਬੋਲੀ ਦਾ ਪ੍ਰਬੰਧ ਕੀਤਾ ਜਾਣਾ ਸੀ, ਜਿਸ ਵਿੱਚ ਦੂਸਰੇ ਸੂਬਿਆਂ ਤੋਂ 800 ਤੋਂ 900 ਰੁਪਏ ਕੁਇੰਟਲ ਦੇ ਹਿਸਾਬ ਨਾਲ ਖਰੀਦੇ ਝੋਨੇ ਦੀ ਫਸਲ ਪੰਜਾਬ ਦੀਆਂ ਮੰਡੀਆਂ ਵਿੱਚ 1770 ਰੁਪਏ ਕੁਇੰਟਲ ਦੇ ਹਿਸਾਬ ਨਾਲ ਘੱਟ ਤੋਂ ਘੱਟ ਸਮਰਥਨ ਮੁੱਲ (ਐੱਮ ਐੱਸ ਪੀ) 'ਤੇ ਵੇਚਿਆ ਜਾਣਾ ਸੀ।

## ਮਿਲਾਵਟੀ ਦੁੱਧ ਸਬੰਧੀ ਪਟੀਸ਼ਨ ਉੱਤੇ ਨੋਟਿਸ ਜਾਰੀ

ਚੰਡੀਗੜ੍ਹ, 31 ਅਕਤੂਬਰ (ਪੋਸਟ ਬਿਊਰੋ)- ਪੰਜਾਬ ਵਿੱਚ ਪਿਛਲੇ ਦਿਨੀਂ ਛਾਪੇਮਾਰੀ ਦੌਰਾਨ ਦੁੱਧ ਅਤੇ ਦੁੱਧ ਨਾਲ ਬਣੇ ਪਨੀਰ ਆਦਿ ਪਦਾਰਥਾਂ 'ਚ ਵੱਡੇ ਪੱਧਰ 'ਤੇ ਮਿਲਾਵਟ ਦੇ ਮਾਮਲੇ ਸਾਹਮਣੇ ਆਉਣ ਪਿੱਛੋਂ ਇਕ ਸੰਸਥਾ ਨੇ ਹਾਈ ਕੋਰਟ 'ਚ ਪਟੀਸ਼ਨ ਦਾਖਲ ਕਰਕੇ ਸੁਪਰੀਮ ਕੋਰਟ ਵੱਲੋਂ ਜਾਰੀ ਉਹ ਹਦਾਇਤਾਂ ਸਖਤੀ ਨਾਲ ਲਾਗੂ ਕਰਨ ਦੀ ਮੰਗ ਕੀਤੀ ਹੈ, ਜਿਸ ਹੇਠ ਖਾਣ ਪੀਣ ਵਾਲੀ ਵਸਤਾਂ 'ਚ ਮਿਲਾਵਟ ਬਦਲੇ ਉਮਰ ਕੈਦ ਦੀ ਤਜਵੀਜ਼ ਬਣਾਈ ਗਈ ਸੀ। ਪਰ ਹਾਈ ਕੋਰਟ ਨੇ ਸਮੱਸਿਆ ਨੂੰ ਗੰਭੀਰਤਾ ਨਾਲ ਲੈਂਦਿਆਂ ਹਰਿਆਣਾ, ਚੰਡੀਗੜ੍ਹ ਅਤੇ ਕੇਂਦਰ ਸਰਕਾਰ ਨੂੰ ਵੀ ਨੋਟਿਸ ਜਾਰੀ ਕਰਕੇ ਜਵਾਬ ਤਲਬ ਕਰ ਲਿਆ ਹੈ।















ਮੁਜ਼ੱਫਰਪੁਰ ਸ਼ੈਲਟਰ ਹੋਮ ਕੇਸ

# ਰੇਪ ਕੇਸ ਦੇ ਮੁੱਖ ਦੋਸ਼ੀ ਬ੍ਰਜੇਸ਼ ਠਾਕੁਰ ਨੂੰ ਭਾਗਲਪੁਰੋਂ ਪਟਿਆਲਾ ਜੇਲ੍ਹ ਭੇਜਣ ਦੇ ਹੁਕਮ



ਨਵੀਂ ਦਿੱਲੀ, 31 ਅਕਤੂਬਰ (ਪੋਸਟ ਬਿਊਰੋ)- ਮੁਜ਼ੱਫਰਪੁਰ ਸ਼ੈਲਟਰ ਹੋਮ ਵਿੱਚ ਬੱਚੀਆਂ ਨਾਲ ਬਲਾਤਕਾਰ ਦੇ ਮਾਮਲੇ ਵਿੱਚ ਕੱਲ੍ਹ ਸੁਪਰੀਮ ਕੋਰਟ ਨੇ ਸਖਤੀ ਦਿਖਾਈ ਤੇ ਇਸ ਕੇਸ ਦੇ ਮੁੱਖ ਦੋਸ਼ੀ ਬ੍ਰਜੇਸ਼ ਠਾਕੁਰ ਨੂੰ ਬਿਹਾਰ ਦੇ ਭਾਗਲਪੁਰ ਤੋਂ ਪੰਜਾਬ ਦੇ ਪਟਿਆਲਾ ਦੀ ਹਾਈ ਸਕਿਓਰਿਟੀ ਜੇਲ੍ਹ ਵਿੱਚ ਭੇਜਣ ਦਾ ਹੁਕਮ ਦਿੱਤਾ। ਉਸ ਦੇ ਘਰ ਤੋਂ ਹਥਿਆਰ ਮਿਲਣ ਦੇ ਦੋਸ਼ ਵਿੱਚ ਉਸ ਦੀ ਸਾਬਕਾ ਮੰਤਰੀ ਮੰਜੂ ਵਰਮਾ ਨੂੰ ਗ੍ਰਿਫਤਾਰ ਨਾ ਕਰਨ 'ਤੇ ਵੀ ਕੋਰਟ ਨੇ ਬਿਹਾਰ ਸਰਕਾਰ ਨੂੰ ਝਾੜ ਪਾਈ ਹੈ। ਕੋਰਟ ਨੇ ਬਿਹਾਰ ਪੁਲਸ ਤੋਂ 31 ਅਕਤੂਬਰ ਤੱਕ ਕਾਰਵਾਈ ਦੀ ਸਟੇਟਸ ਰਿਪੋਰਟ ਮੰਗੀ ਹੈ।

ਜਸਟਿਸ ਮਦਨ ਬੀ ਲੋਕੁਰ, ਜਸਟਿਸ ਐਸ ਏ ਨਜ਼ੀਰ ਅਤੇ ਜਸਟਿਸ ਦੀਪਕ ਗੁਪਤਾ ਦੀ ਇਸ ਬੈਂਚ ਨੇ ਬਿਹਾਰ ਸਰਕਾਰ ਤੋਂ ਪੁੱਛਿਆ ਕਿ ਜਦ ਮੰਜੂ ਵਰਮਾ ਦੇ ਖਿਲਾਫ ਇੰਨੇ ਸਬੂਤ ਹਨ ਤਾਂ ਉਨ੍ਹਾਂ ਨੂੰ ਗ੍ਰਿਫਤਾਰ ਕਿਉਂ ਨਹੀਂ ਕੀਤਾ। ਕੀ ਕੈਬਨਿਟ ਮੰਤਰੀ ਹੋਣ ਕਾਰਨ ਉਨ੍ਹਾਂ ਨੂੰ ਛੱਡਿਆ ਗਿਆ? ਸੁਣਵਾਈ ਦੌਰਾਨ ਜਦ ਸੁਪਰੀਮ ਕੋਰਟ ਨੂੰ ਦੱਸਿਆ ਗਿਆ ਕਿ ਸ਼ੈਲਟਰ ਹੋਮ ਵਿੱਚ ਲੜਕੀਆਂ ਨੂੰ ਡਰੱਗਸ ਦਿੱਤੀ ਜਾਂਦੀ ਸੀ ਤਾਂ ਕੋਰਟ ਨੇ ਇਸ 'ਤੇ ਵੀ ਹੈਰਾਨੀ ਜ਼ਾਹਰ ਕੀਤੀ। ਕੋਰਟ ਨੇ ਕਿਹਾ ਕਿ ਲੜਕੀਆਂ ਨੂੰ ਡਰੱਗਸ ਦਿੱਤੀ ਜਾਂਦੀ ਸੀ ਤਾਂ ਕਿ ਉਨ੍ਹਾਂ ਦੇ ਨਾਲ ਬਲਾਤਕਾਰ ਕੀਤਾ ਜਾ ਸਕੇ। ਇਹ ਕੀ ਹੋ ਰਿਹਾ ਹੈ? ਸੁਪਰੀਮ ਕੋਰਟ ਨੇ 20 ਸਤੰਬਰ ਤੋਂ ਅੱਜ ਤੱਕ ਇਸ ਕੇਸ ਵਿੱਚ ਸ਼ਾਮਲ ਰਹੇ ਸੀ ਬੀ ਆਈ ਅਫਸਰਾਂ ਦੀ ਸੂਚੀ ਵੀ ਮੰਗੀ ਹੈ। ਵਰਣਨ ਯੋਗ ਹੈ ਕਿ ਸੁਪਰੀਮ ਨੇ 25 ਅਕਤੂਬਰ ਨੂੰ ਸੀ ਬੀ ਆਈ ਵੱਲੋਂ ਮੁੱਖ ਦੋਸ਼ੀ ਬ੍ਰਜੇਸ਼ ਠਾਕੁਰ ਦੇ ਖਿਲਾਫ ਕੀਤੀਆਂ ਟਿੱਪਣੀਆਂ ਦਾ ਨੋਟਿਸ ਲੈਂਦੇ ਹੋਏ ਉਸ ਨੂੰ ਨੋਟਿਸ ਜਾਰੀ ਕਰ ਕੇ ਪੁੱਛਿਆ ਸੀ ਕਿ ਕਿਉਂ ਨਾ ਉਸ ਨੂੰ ਇਸ ਰਾਜ ਤੋਂ ਬਾਹਰ ਕਿਸੇ ਹੋਰ ਜੇਲ੍ਹ ਵਿੱਚ ਭੇਜ ਦਿੱਤਾ ਜਾਏ। ਸੀ ਬੀ ਆਈ ਨੇ ਕਿਹਾ ਸੀ ਕਿ ਬ੍ਰਜੇਸ਼ ਪ੍ਰਭਾਵਸ਼ਾਲੀ ਵਿਅਕਤੀ ਹੈ ਅਤੇ ਜੇਲ੍ਹ ਵਿੱਚ ਉਸ ਦੇ ਕੋਲੋਂ ਇੱਕ ਮੋਬਾਈਲ ਬਰਾਮਦ ਹੋਇਆ ਸੀ।

# ਸੁਪਰੀਮ ਕੋਰਟ ਦਾ ਹੁਕਮ, ਦੀਵਾਲੀ ਉਤੇ ਸਿਰਫ ਦੋ ਘੰਟੇ ਪਟਾਕੇ ਚੱਲਣਗੇ

ਨਵੀਂ ਦਿੱਲੀ, 31 ਅਕਤੂਬਰ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਸਾਫ ਕਿਹਾ ਹੈ ਕਿ ਦੀਵਾਲੀ ਮੌਕੇ ਪਟਾਕੇ ਦੋ ਘੰਟੇ ਹੀ ਚੱਲਣਗੇ ਅਤੇ ਸੂਬਾ ਸਰਕਾਰਾਂ ਤੈਅ ਕਰਨਗੀਆਂ ਕਿ ਕਿਹੜੇ ਦੋ ਘੰਟਿਆਂ ਲਈ ਪਟਾਕੇ ਚਲਾਏ ਜਾਣੇ ਹਨ।



ਕੱਲ੍ਹ ਵੱਖ-ਵੱਖ ਅਰਜ਼ੀਆਂ 'ਤੇ ਸੁਣਵਾਈ ਮੌਕੇ ਸੁਪਰੀਮ ਕੋਰਟ ਨੇ ਕਿਹਾ ਕਿ ਸੂਬਾਈ ਸਰਕਾਰਾਂ ਆਪਣੇ ਹਿਸਾਬ ਨਾਲ ਪਟਾਕੇ ਚਲਾਉਣ ਲਈ ਦੋ ਘੰਟਿਆਂ ਦਾ ਸਮਾਂ ਤੈਅ ਕਰ ਸਕਦੀਆਂ ਹਨ। ਤਾਮਿਲ ਨਾਡੂ ਅਤੇ ਪੁਡੂਚੇਰੀ ਵਰਗੀਆਂ ਥਾਵਾਂ 'ਤੇ ਇਸ ਲਈ ਸਮੇਂ ਵਿੱਚ ਤਬਦੀਲੀ ਕੀਤੀ ਜਾਏਗੀ, ਪਰ ਸਮਾਂ-ਹੱਦ ਦੋ ਘੰਟੇ ਦੀ ਹੀ ਰਹੇਗੀ। ਪਿਛਲੀ ਸੁਣਵਾਈ ਦੌਰਾਨ ਦੇਸ਼ ਦੀ ਸਭ ਤੋਂ ਵੱਡੀ ਅਦਾਲਤ ਨੇ ਰਾਤ 8 ਵਜੇ ਤੋਂ 10 ਵਜੇ ਤੱਕ ਦੋ ਘੰਟਿਆਂ ਲਈ ਪਟਾਕੇ ਚਲਾਉਣ ਦਾ ਸਮਾਂ ਤੈਅ ਕੀਤਾ ਸੀ, ਪਰ ਅੱਜ ਦੇ ਹੁਕਮ ਅਨੁਸਾਰ ਵੱਖ-ਵੱਖ ਰਾਜਾਂ ਵੱਲੋਂ ਆਪਣੇ ਹਿਸਾਬ ਨਾਲ ਇਹ ਤੈਅ ਕੀਤਾ ਜਾਏਗਾ ਕਿ ਕਿਹੜੇ ਦੋ ਘੰਟੇ ਇਸ ਮੰਤਵ ਲਈ ਤੈਅ ਕੀਤੇ ਜਾਣਗੇ। ਅਦਾਲਤ ਨੇ ਕਿਹਾ ਕਿ ਜੇ ਸਵੇਰ-ਸ਼ਾਮ ਦੋਵੇਂ ਵੇਲੇ ਕਿਸੇ ਸੂਬੇ ਵਿੱਚ ਪਟਾਕੇ ਚਲਾਉਣ ਦੀ ਪਰੰਪਰਾ ਹੈ ਤਾਂ ਇੱਕ-ਇੱਕ ਘੰਟਾ ਦੋਵੇਂ ਸਮੇਂ ਪਟਾਕੇ ਚਲਾਏ ਜਾ ਸਕਦੇ ਹਨ।

ਜਸਟਿਸ ਏ ਕੇ ਸੀਕਰੀ ਅਤੇ ਜਸਟਿਸ ਅਸ਼ੋਕ ਭੂਸ਼ਣ ਦੇ ਬੈਂਚ ਨੇ ਇਸ ਦੇ ਨਾਲ ਕਿਹਾ ਕਿ ਪਟਾਕੇ ਚਲਾਉਣ ਦੀ ਸ਼ਰਤ ਸਿਰਫ ਦਿੱਲੀ-ਐੱਨ ਸੀ ਆਰ 'ਚ ਲਾਗੂ ਹੋਵੇਗੀ। ਦੇਸ਼ ਦੇ ਬਾਕੀ ਹਿੱਸਿਆਂ 'ਚ ਆਮ ਪਟਾਕੇ ਚਲਾਏ ਜਾ ਸਕਣਗੇ। ਸੁਪਰੀਮ ਕੋਰਟ 23 ਅਕਤੂਬਰ ਦੇ ਆਪਣੇ ਹੁਕਮ ਵਿੱਚ ਸੁਧਾਰ ਅਤੇ ਸਪੱਸ਼ਟੀਕਰਨ ਲਈ ਤਾਮਿਲ ਨਾਡੂ ਸਰਕਾਰ ਅਤੇ ਪਟਾਕਾ ਨਿਰਮਾਤਾਵਾਂ ਦੀਆਂ ਅਰਜ਼ੀਆਂ 'ਤੇ ਸੁਣਵਾਈ ਕਰ ਰਹੀ ਸੀ। ਤਾਮਿਲ ਨਾਡੂ ਸਰਕਾਰ ਨੇ ਸੋਮਵਾਰ ਅਦਾਲਤ ਨੂੰ ਬੇਨਤੀ ਕੀਤੀ ਸੀ ਕਿ ਰਾਤ ਅੱਠ ਵਜੇ ਤੋਂ 10 ਵਜੇ ਦੇ ਨਾਲ-ਨਾਲ ਸੂਬੇ ਦੀਆਂ ਧਾਰਮਿਕ ਪ੍ਰੰਪਰਾਵਾਂ ਮੁਤਾਬਕ ਲੋਕਾਂ ਨੂੰ ਸਵੇਰੇ 4.30 ਵਜੇ ਤੋਂ 6.30 ਵਜੇ ਤੱਕ ਵੀ ਪਟਾਕੇ ਚਲਾਉਣ ਦੀ ਆਗਿਆ ਦਿੱਤੀ ਜਾਵੇ।

## ਮੁਨੀਸ਼ ਤਿਵਾੜੀ ਨਾਲ ਜੁੜੇ ਮਾਣਹਾਨੀ ਕੇਸ ਵਿੱਚ ਫੈਸਲਾ ਰਾਖਵਾਂ

ਨਵੀਂ ਦਿੱਲੀ, 31 ਅਕਤੂਬਰ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਕੱਲ੍ਹ ਦਿੱਲੀ ਭਾਜਪਾ ਪ੍ਰਧਾਨ ਮਨੋਜ ਤਿਵਾੜੀ ਵਾਲੇ ਮਾਣਹਾਨੀ ਦੇ ਇਕ ਕੇਸ ਦੀ ਸੁਣਵਾਈ ਕਰਕੇ ਫੈਸਲਾ ਰਾਖਵਾਂ ਰੱਖ ਲਿਆ ਹੈ। ਪਾਰਲੀਮੈਂਟ ਮੈਂਬਰ ਤਿਵਾੜੀ ਖਿਲਾਫ ਪੂਰਬੀ ਦਿੱਲੀ ਮਿਊਂਸਪਲ ਕਾਰਪੋਰੇਸ਼ਨ (ਈ ਡੀ ਐਮ ਸੀ) ਨੇ ਰਿਪੋਰਟ ਦਰਜ ਕਰਵਾਈ ਸੀ। ਕਾਰਪੋਰੇਸ਼ਨ ਦਾ ਦੋਸ਼ ਸੀ ਕਿ ਉਨ੍ਹਾਂ ਨੇ ਉਤਰੀ ਪੂਰਬੀ ਦਿੱਲੀ ਦੇ ਗੋਕੁਲਪੁਰੀ ਇਲਾਕੇ ਵਿੱਚ ਇਕ ਭਵਨ ਦੀ ਸੀਲ ਤੋੜੀ ਹੈ। ਇਸ ਉਤੇ ਸੁਪਰੀਮ ਕੋਰਟ ਨੇ ਭਾਜਪਾ ਨੇਤਾ ਨੂੰ 19 ਸਤੰਬਰ ਨੂੰ ਮਾਣਹਾਨੀ ਨੋਟਿਸ ਜਾਰੀ ਕੀਤਾ ਸੀ। ਜਸਟਿਸ ਮਦਨ ਬੀ ਲੋਕੁਰ, ਜਸਟਿਸ ਐਸ ਅਬਦੁੱਲ ਨਜ਼ੀਰ ਅਤੇ ਜਸਟਿਸ ਦੀਪਕ ਗੁਪਤਾ ਦੇ ਬੈਂਚ ਦੇ ਸਾਹਮਣੇ ਕੱਲ੍ਹ ਤਿਵਾੜੀ ਵੱਲੋਂ ਸੀਨੀਅਰ ਵਕੀਲ ਵਿਕਾਸ ਸਿੰਘ ਪੇਸ਼ ਹੋਏ।

## ਸਬਰੀਮਾਲਾ ਮੰਦਰ ਬਾਰੇ ਪਟੀਸ਼ਨ ਉੱਤੇ ਸੁਪਰੀਮ ਕੋਰਟ ਤੁਰੰਤ ਸੁਣਵਾਈ ਨਹੀਂ ਕਰੇਗੀ

ਨਵੀਂ ਦਿੱਲੀ, 31 ਅਕਤੂਬਰ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਸਬਰੀਮਾਲਾ ਮੰਦਰ ਕੇਸ 'ਚ 28 ਸਤੰਬਰ ਨੂੰ ਦਿੱਤੇ ਫ਼ੈਸਲੇ 'ਤੇ ਮੁੜ ਵਿਚਾਰ ਦੀ ਮੰਗ ਬਾਰੇ ਪਟੀਸ਼ਨ 'ਤੇ ਛੇਤੀ ਸੁਣਵਾਈ ਤੋਂ ਮਨ੍ਹਾ ਕਰ ਦਿੱਤਾ ਹੈ। ਕੋਰਟ ਨੇ ਆਪਣੇ ਫ਼ੈਸਲੇ 'ਚ ਸਾਰੀ ਉਮਰ ਦੀਆਂ ਔਰਤਾਂ ਨੂੰ ਕੇਰਲ ਦੇ ਸਬਰੀਮਾਲਾ ਮੰਦਰ 'ਚ ਦਾਖਲੇ ਦੀ ਇਜਾਜ਼ਤ ਦਿੱਤੀ ਹੈ। ਸੁਪਰੀਮ ਕੋਰਟ ਨੇ ਕਿਹਾ ਕਿ ਪਟੀਸ਼ਨਾਂ 13 ਨਵੰਬਰ ਨੂੰ ਸੁਣਵਾਈ ਲਈ ਸੂਚੀਬੱਧ ਕੀਤੀਆਂ ਜਾ ਚੁੱਕੀਆਂ ਹਨ।

ਚੀਫ ਜਸਟਿਸ ਰੰਜਨ ਗੋਗੋਈ, ਜਸਟਿਸ ਯੂ ਯੂ ਲਲਿਤ ਅਤੇ ਜਸਟਿਸ ਐੱਮ ਜੋਸਫ ਦੇ ਬੈਂਚ ਨੂੰ ਰੀਵਿਊ ਪਟੀਸ਼ਨ ਦਾਇਰ ਕਰਨ ਵਾਲੇ ਪਟੀਸ਼ਨਰ ਅਤੇ ਹੋਰਨਾਂ ਵੱਲੋਂ ਪੇਸ਼ ਵਕੀਲ ਨੇ ਤੁਰੰਤ ਸੁਣਵਾਈ ਦੀ ਅਪੀਲ ਕੀਤੀ। ਸੁਪਰੀਮ ਕੋਰਟ ਨੇ ਕਿਹਾ ਕਿ ਪੰਜ ਤੇ ਛੇ ਨਵੰਬਰ ਨੂੰ ਸਬਰੀਮਾਲਾ ਮੰਦਰ ਸਿਰਫ਼ 24 ਘੰਟੇ ਲਈ ਖੋਲ੍ਹਿਆ ਜਾ ਰਿਹਾ ਹੈ। ਅਸੀਂ ਸੁਣਵਾਈ ਦੀ ਤਰੀਕ 13 ਨਵੰਬਰ ਤੈਅ ਕੀਤੀ ਹੈ। ਜਦੋਂ ਵਕੀਲ ਨੇ ਤੁਰੰਤ ਸੁਣਵਾਈ ਦੀ ਅਪੀਲ 'ਤੇ ਜ਼ੋਰ ਦਿੱਤਾ ਤਾਂ ਬੈਂਚ ਨੇ ਕਿਹਾ ਕਿ ਤੁਹਾਨੂੰ ਸਭ ਨੂੰ ਆਪਣੀ ਵਾਰੀ ਉਡੀਕਣੀ ਚਾਹੀਦੀ ਹੈ।

## ਭਾਰਤ ਦੁਨੀਆ ਦਾ ਤੀਜਾ ਸਭ ਤੋਂ ਅਮੀਰ ਦੇਸ਼ ਬਣਨ ਜਾ ਰਿਹੈ: ਮੁਕੇਸ਼ ਅੰਬਾਨੀ

ਨਵੀਂ ਦਿੱਲੀ, 31 ਅਕਤੂਬਰ (ਪੋਸਟ ਬਿਊਰੋ)- ਭਾਰਤ ਦੇ ਸਭ ਤੋਂ ਅਮੀਰ ਕਾਰੋਬਾਰੀ ਮੁਕੇਸ਼ ਅੰਬਾਨੀ ਨੇ ਕਿਹਾ ਹੈ ਕਿ ਸਾਡਾ ਦੇਸ਼ ਵਿਸ਼ਵ ਦਾ ਤੀਜਾ ਸਭ ਤੋਂ ਅਮੀਰ ਦੇਸ਼ ਬਣਨ ਵਾਲਾ ਹੈ।



ਮੁਕੇਸ਼ ਅੰਬਾਨੀ ਨੇ ਕਿਹਾ ਕਿ ਪਹਿਲੀਆਂ ਤਿੰਨ ਉਦਯੋਗਿਕ ਕ੍ਰਾਂਤੀਆਂ ਤੋਂ ਖੁੰਝ ਜਾਣ ਤੋਂ ਬਾਅਦ ਭਾਰਤ ਤਕਨੀਕ ਪਸੰਦ ਯੁਵਾ ਆਬਾਦੀ ਦੇ ਦਮ ਉਤੇ ਚੌਥੀ ਉਦਯੋਗਿਕ ਕ੍ਰਾਂਤੀ ਦੀ ਅਗਵਾਈ ਕਰਨ ਦੀ ਹਾਲਤ ਵਿੱਚ ਹੈ। ਉਸ ਨੇ 24ਵੇਂ ਮੋਬੀਕੈਮ ਸੰਮੇਲਨ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਭਾਰਤ ਦਾ ਡਿਜੀਟਲ ਬਦਲਾਅ ਬੇਮਿਸਾਲ ਤੇ ਅਚਾਨਕ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੇ ਵਾਇਰਲੈਸ ਬਰਾਡ ਬੈਂਡ ਦੇ ਮਾਮਲੇ 'ਚ ਸਿਰਫ 24 ਮਹੀਨਿਆਂ ਵਿੱਚ 155ਵੇਂ ਸਥਾਨ ਤੋਂ ਚੋਟੀ ਤੱਕ ਦਾ ਸਫਰ ਤੈਅ ਕੀਤਾ ਹੈ। ਉਨ੍ਹਾਂ ਨੇ ਯਾਦ ਦਿਵਾਇਆ ਕਿ 1990 ਦੇ ਦਹਾਕੇ ਵਿੱਚ ਜਦੋਂ ਰਿਲ-ਾਇੰਸ ਸੋਧ ਅਤੇ ਪੈਟਰੋ ਕੈਮੀਕਲਜ਼ ਪ੍ਰੋਜੈਕਟ ਬਣ ਰਹੀ ਸੀ, ਭਾਰਤ ਦਾ ਕੁੱਲ ਘਰੇਲੂ ਉਤਪਾਦਨ (ਜੀ ਡੀ ਪੀ) ਕਰੀਬ 350 ਅਰਬ ਡਾਲਰ ਸੀ ਅਤੇ ਦੇਸ਼ ਬੇਹੱਦ ਗੰਭੀਰ ਆਰਥਿਕ ਸੰਕਟ ਵਿੱਚੋਂ ਬਾਹਰ ਨਿਕਲਿਆ ਸੀ। ਉਨ੍ਹਾਂ ਕਿਹਾ ਕਿ ਬਹੁਤ ਘੱਟ ਲੋਕਾਂ ਨੇ ਸੋਚਿਆ ਹੋਵੇਗਾ ਕਿ ਸਾਡੇ ਦੇਸ਼ ਦੀਆਂ ਸੰਭਾਵਨਾਵਾਂ ਇੰਨੀਆਂ ਰੋਸ਼ਨ ਹਨ। ਅੱਜ ਸਾਡੀ ਜੀ ਡੀ ਪੀ ਕਰੀਬ 3000 ਅਰਬ ਡਾਲਰ ਦੀ ਹੋ ਗਈ ਹੈ ਅਤੇ ਅਸੀਂ ਸੰਸਾਰ ਦੇ ਤੀਜੇ ਸਭ ਤੋਂ ਅਮੀਰ ਦੇਸ਼ ਬਣਨ ਦੀ ਰਾਹ 'ਤੇ ਹਾਂ। ਉਨ੍ਹਾ ਕਿਹਾ ਕਿ ਮੋਬਾਈਲ ਕੰਪਿਊਟਿੰਗ ਵੱਡੇ ਪੱਧਰ 'ਤੇ ਡਾਟੇ ਦੀ ਖਪਤ ਲਈ ਮੁੱਖ ਸਰੋਤ ਹੈ ਅਤੇ ਇਸ ਨੇ ਯੁਵਾ ਭਾਰਤੀਆਂ ਨੂੰ ਵਿਆ-ਪਕ ਬਦਲਾਅ ਵਾਲੀ ਸੋਚ ਲਈ ਜ਼ਮੀਨ ਦਿੱਤੀ ਹੈ। ਅੰਬਾਨੀ ਨੇ ਕਿਹਾ ਕਿ ਕੋਲਾ ਤੇ ਬਿਜਲੀ ਅਤੇ ਤੇਲ 'ਤੇ ਆਧਾਰਤ ਕ੍ਰਮਵਾਰ ਪਹਿਲੀ ਤੇ ਦੂਜੀ ਉਦਯੋਗਿਕ ਕ੍ਰਾਂਤੀਆਂ ਵਿੱਚ ਭਾਰਤ ਹਾਸ਼ੀਏ 'ਤੇ ਰਿਹਾ। ਕੰਪਿਊਟਰ ਕੇਂਦਰਿਤ ਤੀਜੀ ਕ੍ਰਾਂਤੀ 'ਚ ਭਾਰਤ ਨੇ ਦੌੜ ਵਿੱਚ ਭਾਗ ਲੈਣਾ ਸ਼ੁਰੂ ਕੀਤਾ। ਉਨ੍ਹਾਂ ਕਿਹਾ ਕਿ ਚੌਥੀ ਉਦਯੋਗਿਕ ਕ੍ਰਾਂਤੀ ਹੁਣ ਸਾਡੇ 'ਤੇ ਹੈ।

# ਸਜ਼ਾ ਦੇ ਖਿਲਾਫ ਆਸਾ ਰਾਮ ਦੀ ਅਰਜ਼ੀ ਉਤੇ ਹਾਈ ਕੋਰਟ ਵਿੱਚ ਸੁਣਵਾਈ

ਜੈਪੁਰ, 31 ਅਕਤੂਬਰ (ਪੋਸਟ ਬਿਊਰੋ)- ਆਪਣੇ ਗੁਰੂਕੁਲ ਦੀ ਨਾਬਾਲਗ ਲੜਕੀ ਨਾਲ ਬਲਾਤਕਾਰ ਦੇ ਦੋਸ਼ੀ ਆਸਾ ਰਾਮ ਦੀ ਸਜ਼ਾ ਦੇ ਖਿਲਾਫ ਅਰਜਲੀ ਉੱਤੇ ਕੱਲ੍ਹ ਜੋਧਪੁਰ ਹਾਈ ਕੋਰਟ 'ਚ ਸੁਣਵਾਈ ਦੌਰਾਨ ਜਸਟਿਸ ਨਿਰਮਲਜੀਤ ਕੌਰ ਤੇ ਜਸਟਿਸ ਵਿਨੀਤ ਕੁਮਾਰ ਮਾਥੁਰ ਦੀ ਬੈਂਚ ਨੇ ਸਰਕਾਰ ਨੂੰ ਨੋਟਿਸ ਜਾਰੀ ਕਰਕੇ ਜਵਾਬ ਤਲਬ ਕੀਤਾ ਹੈ।



ਮਿਲੀ ਜਾਣਕਾਰੀ ਅਨੁਸਾਰ ਆਸਾ ਰਾਮ ਦੇ ਵਕੀਲ ਮਹੇਸ਼ ਬੋੜਾ ਨੇ ਦਲੀਲ ਦਿੱਤੀ ਕਿ ਸ਼ਰਤ ਚੰਦਰ ਦੀ ਪਟੀਸ਼ਨ ਲਈ ਰਿਕਾਰਡ ਪਹਿਲਾਂ ਹੀ ਹਾਈ ਕੋਰਟ ਦੀ ਸਿੰਗਲ ਬੈਂਚ ਵਿੱਚ ਹੈ। ਇਸ ਉਤੇ ਅਦਾਲਤ ਨੇ ਨੋਟਿਸ ਜਾਰੀ ਕੀਤਾ ਹੈ। ਆਸਾ ਰਾਮ ਨੂੰ ਉਮਰ ਕੈਦ ਦੀ ਸਜ਼ਾ ਇਸ ਸਾਲ 25 ਅਪ੍ਰੈਲ ਨੂੰ ਸੁਣਾਈ ਗਈ ਸੀ। ਪੰਜ ਸਾਲ ਤੋਂ ਜੋਧਪੁਰ ਸੈਂਟਰਲ ਜੇਲ੍ਹ ਵਿੱਚ ਸਜ਼ਾ ਕੱਟ ਰਹੇ ਆਸਾ ਰਾਮ ਵੱਲੋਂ ਜ਼ਿਲਾ ਪੈਰੋਲ ਕਮੇਟੀ ਅੱਗੇ ਪੈਰੋਲ ਲਈ ਅਰਜ਼ੀ ਦਿਤੀ ਗਈ ਹੈ। ਨੰਦੀਗ੍ਰਾਮ, ਅਹਿਮਦਾਬਾਦ ਦੇ ਆਸਾ ਰਾਮ ਦੇ ਭਾਣਜੇ ਰਮੇਸ਼ ਨੇ ਇਸ ਸਬੰਧ 'ਚ ਜ਼ਿਲਾ ਪੈਰੋਲ ਕਮੇਟੀ ਸਾਹਮਣੇ ਅਰਜ਼ੀ ਪੇਸ਼ ਕਰਕੇ ਆਸਾ ਰਾਮ ਲਈ 20 ਦਿਨ ਦੀ ਪੈਰੋਲ ਮੰਗੀ ਹੈ। ਅਰਜ਼ੀ ਵਿੱਚ ਕਿਹਾ ਗਿਆ ਕਿ 25 ਅਪ੍ਰੈਲ 2018 ਨੂੰ ਆਸਾ ਰਾਮ ਨੂੰ ਉਮਰ ਕੈਦ ਦੀ ਸਜ਼ਾ ਹੋ ਚੁੱਕੀ ਹੈ। ਆਸਾ ਰਾਮ ਦੇ ਟਰਾਇਲ ਦੌਰਾਨ ਤੇ ਅੱਜ ਤੱਕ ਪੰਜ ਸਾਲ ਦੀ ਸਜ਼ਾ ਕੱਟ ਚੁੱਕੇ ਹਨ, ਅਜਿਹੇ 'ਚ ਜੇਲ੍ਹ ਦੇ ਪੈਰੋਲ ਨਿਯਮਾਂ ਮੁਤਾਬਕ ਉਨ੍ਹਾਂ ਨੂੰ ਪਹਿਲੀ ਪੈਰੋਲ ਦਿੱਤੀ ਜਾ ਸਕਦੀ ਹੈ। ਅੱਗੇ ਜ਼ਿਲਾ ਕਮੇਟੀ ਤੈਅ ਕਰੇਗੀ ਕਿ ਆਸਾ ਰਾਮ ਨੂੰ ਪੈਰੋਲ ਦਿੱਤੀ ਜਾਵੇ ਜਾਂ ਨਹੀਂ। ਇਹ ਖਦਸ਼ਾ ਹੈ ਕਿ ਆਸਾ ਰਾਮ ਜੇਲ੍ਹ ਤੋਂ ਬਾਹਰ ਆ ਕੇ ਆਪਣੇ ਸਮਰਥਕਾਂ ਨੂੰ ਭੜਕਾਉਣ ਦਾ ਕੰਮ ਕਰ ਸਕਦਾ ਹੈ। ਇਸ ਲਈ ਪੈਰੋਲ 'ਤੇ ਫੈਸਲਾ ਮੁਸ਼ਕਿਲ ਹੈ।

## ਨਵੀਂ ਤਕਨੀਕ ਜਨਤਕ ਸਥਾਨਾਂ ਉੱਤੇ ਹਵਾ ਨੂੰ ਸ਼ੁੱਧ ਕਰੇਗੀ

ਨਵੀਂ ਦਿੱਲੀ, 31 ਅਕਤੂਬਰ (ਪੋਸਟ ਬਿਊਰੋ)- ਸ਼ਹਿਰ ਵਿੱਚ ਪ੍ਰਦੂਸ਼ਣ ਦੇ ਬੇਹੱਦ ਖਰਾਬ ਪੱਧਰ ਹੋ ਜਾਣ ਪਿੱਛੋਂ ਰਾਸ਼ਟਰੀ ਪ੍ਰਯੋਗਸ਼ਾਲਾ ਨੇ ਕੱਲ੍ਹ ਹਵਾ ਸ਼ੁੱਧ ਕਰਨ ਵਾਲੀ ਇਕ ਤਕਨੀਕ ਨੂੰ ਪ੍ਰਮਾਣਿਤ ਕੀਤਾ ਹੈ, ਜੋ ਜਨਤਕ ਸਥਾਨਾਂ ਨੂੰ ਸ਼ੁੱਧ ਹਵਾ ਖੇਤਰਾਂ ਵਿੱਚ ਬਦਲ ਦਿੰਦੀ ਹੈ ਅਤੇ ਲੋਕਾਂ ਦਾ ਸਾਹ ਸੌਖਾ ਹੋ ਜਾਂਦਾ ਹੈ।

ਅਧਿਕਾਰੀਆਂ ਨੇ ਕਿਹਾ ਕਿ ਗੁਆਂਢੀ ਰਾਜਾਂ ਵਿੱਚ ਪਰਾਲੀ ਸਾੜਨ ਦੇ ਕਾਰਨ ਦਿੱਲੀ ਦੀ ਹਵਾ ਗੁਣਵੱਤਾ ਗੰਭੀਰ ਪੱਧਰ 'ਤੇ ਪਹੁੰਚ ਗਈ ਹੈ, ਜੋ ਹਾਲ ਦੇ ਦਿਨਾਂ ਦੇ ਲਿਹਾਜ਼ ਨਾਲ ਸਭ ਤੋਂ ਖਰਾਬ ਹੈ। ਇਸ ਤਕਨੀਕ ਨੂੰ ਪ੍ਰਮਾਣਿਤ ਕਰਨ ਵਾਲੇ ਰਾਸ਼ਟਰੀ ਪ੍ਰਯੋਗਸ਼ਾਲਾ ਦੇ ਮੁੱਖ ਸਕੱਤਰ ਸ਼ੰਕਰ ਅਗਰਵਾਲ ਨੇ ਕਿਹਾ ਕਿ ਇਸ ਦੇ ਨਤੀਜੇ ਦੱਸਦੇ ਹਨ ਕਿ 'ਕਲੀਨ ਏਅਰ ਜ਼ੋਨ' ਤਕਨੀਕ ਦੀ ਗੁਣਵੱਤਾ 90 ਫੀਸਦੀ ਤੋਂ ਵੀ ਜ਼ਿਆਦਾ ਹੈ। ਐਵਰਗ੍ਰੀਨ ਸਿਸਟਮਸ ਵੱਲੋਂ ਵਿਕਸਿਤ ਤਕਨੀਕ ਦੀ ਵਰਤੋਂ ਪਾਇਲਟ ਯੋਜਨਾ ਹੇਠ ਗੁਰਦੁਆਰਾ ਰਕਾ-ਬਗੰਜ ਵਿੱਚ ਕੀਤੀ ਜਾ ਰਹੀ ਹੈ ਅਤੇ ਫਿਰ ਇਸ ਨੂੰ ਹਸਪਤਾਲਾਂ, ਯੂਨੀਵਰਸਿਟੀਆਂ ਅਤੇ ਬੱਸ ਸਟੈਂਡ ਸਮੇਤ ਦੂਸਰੇ ਜਨਤਕ ਸਥਾਨਾਂ 'ਤੇ ਇਸਤੇਮਾਲ ਵਿੱਚ ਲਿਆਂਦਾ ਜਾ ਸਕਦਾ ਹੈ।

# ਅਸਥਾਨਾ ਨਾਲ ਜੁੜੇ ਭ੍ਰਿਸ਼ਟਾਚਾਰ ਦੇ ਕੇਸ ਦੀ ਜਾਂਚ ਵਾਲੇ ਸੀ ਬੀ ਆਈ ਅਫਸਰ ਦੀ ਜ਼ਮਾਨਤ

ਨਵੀਂ ਦਿੱਲੀ, 31 ਅਕਤੂਬਰ (ਪੋਸਟ ਬਿਊਰੋ)- ਸੀ ਬੀ ਆਈ ਦੇ ਸਪੈਸ਼ਲ ਡਾਇਰੈਕਟਰ ਰਾਕੇਸ਼ ਅਸਥਾਨਾ ਨਾਲ ਜੁੜੇ ਰਿਸ਼ਵਤਖੋਰੀ ਦੇ ਦੋਸ਼ਾਂ ਦੇ ਸਿਲਸਿਲੇ ਵਿੱਚ ਗ੍ਰਿਫਤਾਰ ਸੀ ਬੀ ਆਈ ਦੇ ਡੀ ਐੱਸ ਪੀ ਦੇਵੇਂਦਰ ਕੁਮਾਰ ਨੂੰ ਅੱਜ ਦਿੱਲੀ ਦੀ ਇਕ ਅਦਾਲਤ ਨੇ ਜ਼ਮਾਨਤ ਦੇ ਦਿੱਤੀ ਅਤੇ ਕੇਸ ਚੱਲਦਾ ਰਹੇਗਾ।

ਮਿਲੀ ਜਾਣਕਾਰੀ ਅਨੁਸਾਰ ਵਿਸ਼ੇਸ਼ ਸੀ ਬੀ ਆਈ ਜੱਜ ਸੰਤੋਸ਼ ਸਨੇਹੀ ਮਾਨ ਕੁਮਾਰ ਨੂੰ ਰਾਹਤ ਦਿੰਦੇ ਹੋਏ ਉਨ੍ਹਾਂ ਨੂੰ 50 ਹਜ਼ਾਰ ਰੁਪਏ ਦੀ ਜ਼ਮਾਨਤ ਰਾਸ਼ੀ ਅਤੇ ਏਨੀ ਹੀ ਰਕਮ ਦਾ ਬਾਂਡ ਜਮਾਂ ਕਰਵਾਉਣ ਨੂੰ ਕਿਹਾ। ਸੀ ਬੀ ਆਈ ਨੇ ਇਸ ਜ਼ਮਾਨਤ ਪਟੀਸ਼ਨ ਦਾ ਵਿਰੋਧ ਨਹੀਂ ਕੀਤਾ। ਦੇਵੇਂਦਰ ਕੁਮਾਰ ਤੇ ਰਾਕੇਸ਼ ਅਸਥਾਨਾ ਨੇ ਪਹਿਲਾਂ ਹੀ ਆਪਣੇ ਖਿਲਾਫ ਦਰਜ ਕੇਸ ਨੂੰ ਚੁਣੌਤੀ ਦਿੱਤੀ ਹੋਈ ਹੈ। ਉਨ੍ਹਾਂ ਤੋਂ ਇਲਾਵਾ



ਇਨ੍ਹਾਂ ਕੇਸਾਂ 'ਚ ਦੋ ਵਿਚੋਲਿਆਂ ਮਨੋਜ ਪ੍ਰਸਾਦ ਅਤੇ ਸੋਮੇਸ਼ ਪ੍ਰਸਾਦ ਨੂੰ ਵੀ ਇਸ ਕੇਸ ਵਿੱਚ ਦੋਸ਼ੀ ਦੇ ਤੌਰ 'ਤੇ ਨਾਮਜ਼ਦ ਕੀਤਾ ਗਿਆ ਹੈ। ਜਾਂਚ ਏਜੰਸੀ ਨੇ ਪਹਿਲਾਂ ਅਦਾਲਤ ਨੂੰ ਇਹ ਦੱਸਿਆ ਸੀ ਕਿ ਇਕ ਹੋਰ ਮਾਮਲੇ ਦੀ ਜਾਂਚ ਦੌਰਾਨ ਦੇਵੇਂਦਰ ਕੁਮਾਰ ਨੇ ਸਬੂਤਾਂ ਨੂੰ ਲੁਕਾਉਣ ਦੀ ਕੋਸ਼ਿਸ਼ ਕੀਤੀ ਸੀ। ਦੇਵੇਂਦਰ ਕੁਮਾਰ ਨੇ ਦਾਅਵਾ ਕੀਤਾ ਸੀ ਕਿ ਉਨ੍ਹਾਂ ਨੂੰ ਕੇਸ 'ਚ ਗਲਤ ਢੰਗ ਨਾਲ ਫਸਾਇਆ ਗਿਆ ਹੈ ਅਤੇ ਉਹ ਕੇਂਦਰੀ ਜਾਂਚ ਏਜੰਸੀ ਦੇ ਦੋ ਵੱਡੇ ਅਧਿਕਾਰੀਆਂ ਵਿਚਾਲੇ ਦੁਸ਼ਮਣੀ ਦੇ ਸ਼ਿਕਾਰ ਹੋਏ ਹਨ। ਉਨ੍ਹਾਂ ਕਿਹਾ ਕਿ ਉਹ ਮੀਟ ਐਕਸਪੋਰਟਰ ਮੋਇਨ ਕੁਰੈਸ਼ੀ ਖਿਲਾਫ ਕੇਸ ਦੀ ਜਾਂਚ ਕਰ ਰਹੇ ਸਨ, ਜਿਸ 'ਚ ਮੌਜੂਦਾ ਮਾਮਲੇ 'ਚ ਸ਼ਿਕਾਇਤ ਕਰਤਾ ਸਤੀਸ਼ ਸਨਾ ਇਕ ਦੋਸ਼ੀ ਸੀ ਅਤੇ ਸੀ ਬੀ ਆਈ ਦੇ ਕਈ ਸਾਬਕਾ ਤੇ ਮੌਜੂਦਾ ਸੀਨੀਅਰ ਅਧਿਕਾਰੀਆਂ ਦਾ ਨਾਂ ਵੀ ਇਸ 'ਚ ਸ਼ਾਮਲ ਸਨ। ਦੋਸ਼ੀ ਠਹਿਰਾਏ ਜਾਣ 'ਤੇ ਦੋਸ਼ੀ ਨੂੰ ਮਾਮਲੇ 'ਚ ਜ਼ਿਆਦਾ ਤੋਂ ਜ਼ਿਆਦਾ 10 ਸਾਲ ਦੀ ਕੈਦ ਹੋ ਸਕਦੀ ਹੈ।

• Insurance •
Punjab Insurance Inc



- Super Visa Insurance
- Life Insurance
- Disability Insurance
- Critical illness Insurance
- Mortgage Insurance
- RRSP (Retirement Plan)
- RESP (Education Plan)
- Visitor Insurance
- Health and Dental Plans..
- Travel Insurance
- Segregated Funds, TFSA

Harpinder Kaur
Insurance Advisor
416.452.7373
harpinderkaur@punjabinsurance.ca
www.punjabinsurance.ca

DIXIE
Registered Private Career College
TRUCK & FORKLIFT DRIVING SCHOOL
CLASS A,Z & FORKLIFT TRAINING
Contact Us for Great Results, Early Road Tests & Flexible Timing
- Special Training For Nervous Drivers
- Lady Instructor Available
- One to One Training
Forklift $79
Air Brake
Truck Driving Course
○ Counter Balance ○ Order Picker
○ Raymond Reach ○ Walkie
○ Cheery Picker
AIR BRAKES CLASSES EVERY WED - THURS & SAT - SUN
Off: 905-452-3633/905-671-3633
Call MANN 416.629.4454
30 Hale Road Unit 1, Brampton ON, L6W 4N9



BANKRUPTCY, PROPOSAL, R9.........
no problem!
we will fix your credit
TNG SUNRISE SERVICES INC.
Tarun Genda(Kumar)
Tel:905-781-5292
Cell: 416-305-1290
TNG
PROVIDE:
Mortgage, Refinancing, 1st, 2nd, 3rd, Mortgage.
Residential Variable & Fixed Rates,
Personal loans & Line of Credit
Private Funding on Car, Gold & Property
CREDIT REPAIR:
Fix your Credit, Bankruptcy, Proposal, Collections, R-9 and Late payments.
CREDIT CONSULTING:
We do Settlement, Filling Bankruptcy & Proposals
ACCOUNTING:
Tax File get Maximum refund for personal & Bussiness
email: tngservices1@hotmail.com
Golden gate plaza
100 Pertosa Drive, Suite 211
Brampton, ON. L6X 0H9



# ਟਰੰਪ ਵੱਲੋਂ ਜਮਾਂਦਰੂ ਨਾਗਰਿਕਤਾ ਨੂੰ ਖਤਮ ਕਰਨ ਦੇ ਫੈਸਲੇ ਦੀ ਆਲੋਚਨਾ

ਵਾਸ਼ਿੰਗਟਨ, 31 ਅਕਤੂਬਰ (ਪੋਸਟ ਬਿਊਰੋ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦੇਸ਼ ਵਿਚ ਜਨਮ ਲੈਣ ਵਾਲੇ ਅਜਿਹੇ ਬੱਚਿਆਂ ਦੀ ਜਮਾਂਦਰੂ ਨਾਗਰਿਕਤਾ ਦੇ ਅਧਿਕਾਰ ਨੂੰ ਖਤਮ ਕਰਨ ਦਾ ਫੈਸਲਾ ਲਿਆ ਹੈ ਜਿਨ੍ਹਾਂ ਦੇ ਮਾਤਾ-ਪਿਤਾ ਅਮਰੀਕੀ ਨਾਗਰਿਕ ਨਹੀਂ। ਇਸ ਲਈ ਰਾਸ਼ਟਰਪਤੀ ਨੇ ਸ਼ਾਸਕੀ ਹੁਕਮ ਕਰਨ ਦੀ ਗੱਲ ਕਹੀ ਹੈ, ਜਿਸ ਦੀ ਆਲੋਚਨਾ ਹੋ ਰਹੀ ਹੈ। ਖੁਦ ਟਰੰਪ ਦੀ ਰੀਪਬਲਿਕਨ ਪਾਰਟੀ ਤੋਂ ਵੀ ਆਲੋਚਨਾ ਦੀਆਂ ਆਵਾਜਾਂ ਉੱਠ ਰਹੀਆਂ ਹਨ।



ਇਸ ਸੰਬੰਧ ਵਿੱਚ ਡੋਨਾਲਡ ਟਰੰਪ ਨੇ ਇਕ ਸਮਾਚਾਰ ਏਜੰਸੀ ਨੂੰ ਦਿੱਤੇ ਇੰਟਰਵਿਊ ਵਿਚ ਕਿਹਾ ਕਿ ਜਮਾਂਦਰੂ ਨਾਗਰਿਕਤਾ ਨੂੰ ਖਤਮ ਕਰਨਾ ਹੋਵੇਗਾ ਅਤੇ ਇਹ ਕੰਮ ਸ਼ਾਸਕੀ ਆਦੇਸ਼ ਨਾਲ ਹੋਵੇਗਾ। ਅਮਰੀਕਾ ਦੀ ਪ੍ਰਤੀਨਿਧੀ ਸਭਾ ਦੇ ਸਪੀਕਰ, ਕਾਂਗਰਸ ਮੈਂਬਰ ਪੌਲ ਰਯਾਨ ਨੇ ਕਿਹਾ, 'ਤੁਸੀਂ ਸ਼ਾਸਕੀ ਆਦੇਸ਼ ਨਾਲ ਜਮਾਂਦਰੂ ਨਾਗਰਿਕਤਾ ਖਤਮ ਨਹੀਂ ਕਰ ਸਕਦੇ।'' ਰਯਾਨ ਨੇ ਕੇਂਟੁਕੀ ਦੇ ਲੇਸਿੰਗਟਨ ਦੇ ਸਥਾਨਕ ਰੇਡੀਓ ਸਟੇਸ਼ਨ ਨੂੰ ਕਿਹਾ, 'ਜਦੋਂ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਨੇ ਸ਼ਾਸਕੀ ਆਦੇਸ਼ ਨਾਲ ਇਮੀਗ੍ਰੇਸ਼ਨ ਨਿਯਮ ਬਦਲਣ ਦੀ ਕੋਸ਼ਿਸ਼ ਕੀਤੀ ਤਾਂ ਉਦੋਂ ਵੀ ਅਸੀਂ ਇਸ ਫੈਸਲੇ ਨੂੰ ਪਸੰਦ ਨਹੀਂ ਕੀਤਾ ਸੀ ਅਤੇ ਕੰਜ਼ਰਵੇਟਿਵ ਪਾਰਟੀ ਤੋਂ ਹੋਣ ਦੇ ਨਾਤੇ ਅਸੀਂ ਸੰਵਿਧਾਨ ਵਿਚ ਵਿਸ਼ਵਾਸ ਰੱਖਦੇ ਹਾਂ।'

ਵਰਤਮਾਨ ਕਾਨੂੰਨ ਮੁਤਾਬਕ ਅਮਰੀਕਾ ਵਿਚ ਜਨਮ ਲੈਣ ਵਾਲਾ ਹਰ ਬੱਚਾ ਅਮਰੀਕੀ ਨਾਗਰਿਕ ਹੁੰਦਾ ਹੈ, ਭਾਵੇਂ ਉਸ ਦੇ ਮਾਤਾ-ਪਿਤਾ ਅਮਰੀਕਾ ਦੇ ਨਾਗਰਿਕ ਹੋਣ ਜਾਂ ਨਾ। ਟਰੰਪ ਨੇ ਇੰਟਰਵਿਊ ਵਿਚ ਕਿਹਾ, 'ਮੈਨੂੰ ਹਮੇਸ਼ਾ ਦੱਸਿਆ ਗਿਆ ਹੈ ਕਿ ਤੁਹਾਨੂੰ ਸੰਵਿਧਾਨ ਵਿਚ ਸੋਧ ਦੀ ਲੋੜ ਹੈ। ਪਹਿਲੀ ਗੱਲ ਤੁਹਾਨੂੰ ਇਹ ਨਹੀਂ ਕਰਨਾ ਹੈ। ਦੂਜੀ ਗੱਲ ਕਿ ਤੁਸੀਂ ਇਹ ਕਾਂਗਰਸ ਰਾਹੀਂ ਕਰ ਸਕਦੇ ਹੋ। ਅੱਜ ਉਹ ਕਹਿ ਰਹੇ ਹਨ ਕਿ ਮੈਂ ਸਿਰਫ ਸ਼ਾਸਕੀ ਆਦੇਸ਼ ਜ਼ਰੀਏ ਅਜਿਹਾ ਕਰ ਸਕਦਾ ਹਾਂ।' ਇਸ ਇੰਟਰਵਿਊ ਦਾ ਕੁਝ ਹਿੱਸਾ ਮੰਗਲਵਾਰ ਨੂੰ ਪ੍ਰਸਾਰਿਤ ਕੀਤਾ ਗਿਆ ਸੀ।

ਟਰੰਪ ਨੇ ਕਿਹਾ ਕਿ ਅਮਰੀਕਾ ਵਿਚ ਜਨਮ ਲੈਣ ਵਾਲੇ ਕਿਸੇ ਵੀ ਬੱਚੇ ਨੂੰ ਨਾਗਰਿਕਤਾ ਦੇਣਾ ਹਾਸੋਹੀਣਾ ਹੈ। ਉਨ੍ਹਾਂ ਨੇ ਕਿਹਾ ਕਿ ਅਸੀਂ ਦੁਨੀਆ ਵਿਚ ਇਕੱਲੇ ਦੇਸ਼ ਹਾਂ, ਜਿੱਥੇ ਕੋਈ ਆਉਂਦਾ ਹੈ ਤੇ ਬੱਚੇ ਨੂੰ ਜਨਮ ਦਿੰਦਾ ਤੇ ਫਿਰ ਬੱਚਾ 85 ਸਾਲਾਂ ਲਈ ਅਮਰੀਕਾ ਦਾ ਨਾਗਰਿਕ ਬਣ ਜਾਂਦਾ ਹੈ। ਨਾਲ ਉਸ ਨੂੰ ਹਰ ਤਰ੍ਹਾਂ ਦੇ ਲਾਭ ਮਿਲਦੇ ਹਨ। ਇਹ ਹਾਸੋਹੀਣਾ ਹੈ ਤੇ ਇਸ ਨੂੰ ਖਤਮ ਕਰਨਾ ਹੋਵੇਗਾ। ਸੈਨੇਟ ਦੀ ਸ਼ਕਤੀਸ਼ਾਲੀ ਨਿਆਂ ਪਾਲਿਕਾ ਕਮੇਟੀ ਦੇ ਪ੍ਰਧਾਨ ਰੀਪਬਲਿਕ ਪਾਰਲੀਮੈਂਟ ਮੈਂਬਰ ਚੱਕ ਗ੍ਰਾਸਲੇ ਨੇ ਕਿਹਾ ਕਿ ਏਦਾਂ ਕਰਨ ਲਈ ਸੰਵਿਧਾਨ ਵਿਚ ਸੋਧ ਕਰਨੀ ਹੋਵੇਗੀ। ਡੈਮੋਕ੍ਰੈਟਿਕ ਪਾਰਟੀ ਦੀ ਨੇਤਾ ਨੈਂਸੀ ਪੇਲੋਸੀ ਨੇ ਟਰੰਪ ਦੇ ਇਸ ਦੀ ਆਲੋਚਨਾ ਕੀਤੀ ਹੈ। ਅਮਰੀਕੀ ਇਮੀਗ੍ਰੇਸ਼ਨ ਕੌਂਸਲ ਦੇ ਕਾਰਜਕਾਰੀ ਡਾਇਰੈਕਟਰ ਬੇਥ ਵਰਲਿਨ ਨੇ ਕਿਹਾ, 'ਕੋਈ ਰਾਸ਼ਟਰਪਤੀ ਕਲਮ ਨਾਲ ਸੰਵਿਧਾਨ ਨਹੀਂ ਬਦਲ ਸਕਦਾ। ਜਮਾਂਦਰੂ ਨਾਗਰਿਕਤਾ ਦੀ ਵਿਵਸਥਾ ਨੂੰ ਸੰਵਿਧਾਨ ਵਿਚ ਇਕ ਨਵੀਂ ਸੋਧ ਜ਼ਰੀਏ ਹੀ ਖਤਮ ਕੀਤਾ ਜਾ ਸਕਦਾ ਹੈ।'

# ਅਫ਼ਗਾਨਿਸਤਾਨ 'ਚ ਹੈਲੀਕਾਪਟਰ ਹਾਦਸੇ ਕਾਰਨ 25 ਜਣਿਆਂ ਦੀ ਮੌਤ

ਕਾਬੁਲ, 31 ਅਕਤੂਬਰ (ਪੋਸਟ ਬਿਊਰੋ)- ਅਫ਼ਗਾਨਿਸਤਾਨ ਵਿਚ ਅੱਜ ਇਕ ਫ਼ੌਜੀ ਹੈਲੀਕਾਪਟਰ ਹਾਦਸੇ ਦਾ ਸ਼ਿਕਾਰ ਹੋ ਗਿਆ। ਪੱਛਮੀ ਫਰਾਹ ਸੂਬੇ ਵਿਚ ਹੋਈ ਇਸ ਦੁਰਘਟਨਾ ਵਿਚ ਸਾਰੇ 25 ਸਵਾਰਾਂ ਦੀ ਮੌਤ ਹੋ ਗਈ। ਮ੍ਰਿਤਕਾਂ ਵਿਚ ਇਕ ਫ਼ੌਜੀ ਕਮਾਂਡਰ ਅਤੇ ਮਈ ਵਿਚ ਤਾਲਿਬਾਨ ਦੇ ਖ਼ਿਲਾਫ਼ ਅਹਿਮ ਭੂਮਿਕਾ ਨਿਭਾਉਣ ਵਾਲੀ ਸੂਬਾ ਕੌਂਸਲ ਦਾ ਮੁਖੀ ਸ਼ਾਮਿਲ ਸਨ। ਤਾਲਿਬਾਨ ਅੱਤਵਾਦੀਆਂ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਨੇ ਹੈਲੀਕਾਪਟਰ ਡੇਗਿਆ ਹੈ।



ਹਾਦਸੇ ਮਗਰੋਂ ਸਿਕਿਉਰਿਟੀ ਫੋਰਸ ਦੇ ਮੈਂਬਰ ਘਟਨਾ ਸਥਾਨ ਦਾ ਜਾਇਜ਼ਾ ਲੈਂਦੇ ਹੋਏ।

ਗਵਰਨਰ ਦੇ ਬੁਲਾਰੇ ਮੁਹੰਮਦ ਨਾਸੇਰ ਮੇਹਰੀ ਨੇ ਦੱਸਿਆ ਕਿ ਦੋ ਫ਼ੌਜੀ ਹੈਲੀਕਾਪਟਰਾਂ ਨੇ ਫਰਾਹ ਸੂਬੇ ਨੇੜਲੇ ਹੇਰਾਤ ਸੂਬੇ ਲਈ ਉਡਾਣ ਭਰੀ ਸੀ। ਘੱਟ ਰੋਸ਼ਨੀ ਕਾਰਨ ਇਕ ਹੈਲੀਕਾਪਟਰ ਦਾ ਕੰਟਰੋਲ ਟੁੱਟ ਗਿਆ ਅਤੇ ਪਹਾੜੀ ਨਾਲ ਜਾ ਟਕਰਾਇਆ। ਇਸ ਵਿੱਚ ਫ਼ੌਜੀ ਕਮਾਂਡਰ ਨੇਮਾਤੁੱਲਾ ਖਲੀਲ ਤੇ ਸੂਬਾ ਕੌਂਸਲ ਦੇ ਮੁਖੀ ਫਰੀਦ ਬਖਤਿਆਰ ਵੀ ਬੈਠੇ ਸਨ। ਹੋਰ ਮ੍ਰਿਤਕਾਂ ਵਿੱਚ ਚਾਲਕ ਦਲ ਦੇ ਇਲਾਵਾ ਫ਼ੌਜੀ ਅਤੇ ਕੌਂਸਲ ਦੇ ਮੈਂਬਰ ਸ਼ਾਮਲ ਸਨ। ਪਿਛਲੇ ਦਿਨਾਂ ਵਿਚ ਇਹ ਦੂਜਾ ਫ਼ੌਜੀ ਹੈਲੀਕਾਪਟਰ ਹਾਦਸੇ ਦਾ ਸ਼ਿਕਾਰ ਹੋਇਆ ਹੈ। ਸਤੰਬਰ ਵਿਚ ਅਜਿਹੇ ਹੀ ਹਾਦਸੇ 'ਚ ਹੈਲੀਕਾਪਟਰ ਵਿਚ ਸਵਾਰ ਚਾਲਕ ਦਲ ਦੇ ਸਾਰੇ ਮੈਂਬਰ ਮਾਰੇ ਗਏ ਸਨ।

ਇਸ ਦੌਰਾਨ ਅਫ਼ਗਾਨਿਸਤਾਨ ਦੀ ਸਭ ਤੋਂ ਵੱਡੀ ਜੇਲ੍ਹ ਪੁਲ-ਏ-ਚਰਖੀ ਦੇ ਗੇਟ ਸਾਹਮਣੇ ਆਤਮਘਾਤੀ ਹਮਲੇ ਵਿਚ ਛੇ ਲੋਕਾਂ ਦੇ ਮਾਰੇ ਜਾਣ ਦੀ ਖ਼ਬਰ ਹੈ। ਕਾਬੁਲ ਦੀ ਇਸ ਜੇਲ੍ਹ 'ਚ ਕਈ ਤਾਲਿਬਾਨ ਅੱਤਵਾਦੀਆਂ ਸਣੇ ਸੈਂਕੜੇ ਕੈਦੀ ਹਨ। ਗ੍ਰਹਿ ਮੰਤਰਾਲੇ ਦੇ ਬੁਲਾਰੇ ਨਜੀਬ ਦਾਨਿਸ਼ ਨੇ ਦੱਸਿਆ ਕਿ ਹਮਲਾਵਰ ਨੇ ਜੇਲ੍ਹ ਦੇ ਕਰਮਚਾਰੀਆਂ ਨੂੰ ਲੈ ਕੇ ਆ ਰਹੇ ਵਾਹਨ ਦੇ ਨੇੜੇ ਪੁੱਜ ਕੇ ਖ਼ੁਦ ਨੂੰ ਉਡਾ ਲਿਆ। ਹਮਲੇ ਵਿਚ ਛੇ ਦੀ ਮੌਤ ਹੋ ਗਈ ਅਤੇ ਅੱਠ ਲੋਕ ਜ਼ਖ਼ਮੀ ਹੋ ਗਏ।

## ਵੈਟੀਕਨ ਕੰਪਲੈਕਸ 'ਚ ਮਨੁੱਖੀ ਪਿੰਜਰ ਮਿਲਣ ਪਿੱਛੋਂ ਜਾਂਚ ਸ਼ੁਰੂ

ਵੈਟੀਕਨ ਸਿਟੀ, 31 ਅਕਤੂਬਰ (ਪੋਸਟ ਬਿਊਰੋ)- ਕੈਥੋਲਿਕ ਈਸਾਈ ਭਾਈਚਾਰੇ ਦੇ ਕੇਂਦਰ ਵੈਟੀਕਨ ਨਾਲ ਜੁੜੇ ਇਕ ਕੰਪਲੈਕਸ 'ਚ ਮੁਰੰਮਤ ਦੌਰਾਨ ਮਨੁੱਖੀ ਪਿੰਜਰ ਮਿਲੇ ਹਨ। ਇਸ ਦੀ ਬਰਾਮਦਗੀ ਨਾਲ 35 ਸਾਲ ਪੁਰਾਣੇ ਇਟਲੀ ਦੇ ਸਭ ਤੋਂ ਵੱਡੇ ਭੇਦਭਰੇ ਕੇਸ ਤੋਂ ਪਰਦਾ ਉੱਠ ਸਕਦਾ ਹੈ।

ਵਰਨਣ ਯੋਗ ਹੈ ਕਿ 1983 ਵਿੱਚ ਲਾਪਤਾ ਹੋਈਆਂ ਦੋ ਨਾਬਾਲਗ ਲੜਕੀਆਂ ਦਾ ਕੇਸ ਅੱਜ ਤਕ ਇਟਲੀ ਪੁਲਿਸ ਲਈ ਬੁਝਾਰਤ ਬਣਿਆ ਹੋਇਆ ਹੇ। ਆਸ ਕੀਤੀ ਜਾ ਰਹੀ ਹੈ ਇਹ ਬਰਾਮਦਗੀ ਪੁਲਿਸ ਜਾਂਚ ਲਈ ਅਹਿਮ ਬਣ ਸਕਦੀ ਹੈ। ਵੈਟੀਕਨ ਨੇ ਮੰਗਲਵਾਰ ਨੂੰ ਇਕ ਬਿਆਨ ਵਿੱਚ ਕਿਹਾ ਕਿ ਰੋਮ ਵਿੱਚ ਵੈਟੀਕਨ ਦੇ ਕੂਟਨੀਤਕ ਦਫ਼ਤਰ ਨਾਲ ਜੁੜੇ ਇਕ ਕੰਪੈਲਕਸ 'ਚ ਮੁਰੰਮਤ ਦੇ ਕੰਮ ਦੌਰਾਨ ਮਨੁੱਖੀ ਹੱਡੀਆਂ ਦੇ ਟੁੱਕੜੇ ਮਿਲੇ ਸਨ ਅਤੇ ਇਟਲੀ ਪੁਲਿਸ ਇਨ੍ਹਾਂ ਪਿੰਜਰਾਂ ਦੀ ਜਾਂਚ ਕਰ ਰਹੀ ਹੈ। ਜਾਂਚ ਕਰਤਾ ਖ਼ਾਸ ਤੌਰ 'ਤੇ ਇਨ੍ਹਾਂ ਪਿੰਜਰਾਂ ਦਾ ਇਮੈਨੂਅਲ ਆਰਲੈਂਡੀ ਅਤੇ ਮਿਰੇਲਾ ਗ੍ਰੇਗੋਰੀ ਦੇ ਡੀ ਐੱਨ ਏ ਨਾਲ ਮਿਲਾਉਣਗੇ। ਦੋਵੇਂ ਕੁੜੀਆਂ 1983 'ਚ ਲਾਪਤਾ ਹੋਈਆਂ ਸੀ। ਇਮੈਨੂਅਲ ਵੈਟੀਕਨ ਪੁਲਿਸ ਦੇ ਇਕ ਅਧਿਕਾਰੀ ਦੀ ਬੇਟੀ ਸੀ। ਉਸ ਨੂੰ ਆਖਰੀ ਵਾਰ 22 ਜੂਨ 1983 ਨੂੰ ਉਸ ਸਮੇਂ ਦੇਖਿਆ ਗਿਆ ਜਦੋਂ ਮਿਊਜ਼ਿਕ ਕਲਾਸ ਤੋਂ ਵਾਪਸ ਆ ਰਹੀ ਸੀ। ਉਸ ਸਮੇਂ ਉਹ 15 ਸਾਲ ਦੀ ਸੀ। ਉਸ ਦੇ ਲਾਪਤਾ ਹੋਣ ਬਾਰੇ ਦਾਅਵਾ ਕੀਤਾ ਜਾ ਰਿਹਾ ਹੈ ਕਿ ਉਸ ਨੂੰ ਇਕ ਇੱਕ ਅਪਰਾਧਿਕ ਗਿਰੋਹ ਨੇ ਇਸ ਇੱਛਾ ਨਾਲ ਗ੍ਰਿਫ਼ਤਾਰ ਕੀਤਾ ਸੀ ਕਿ ਇਕ ਕਰਜ਼ੇ ਦੀ ਵਸੂਲੀ ਲਈ ਵੈਟੀਕਨ ਦੇ ਅਧਿਕਾਰੀਆਂ 'ਤੇ ਦਬਾਅ ਬਣਾਇਆ ਜਾ ਸਕੇ। ਦੂਜਾ ਦਾਅਵਾ ਇਹ ਹੈ ਕਿ ਉਸ ਨੂੰ ਮਹਿਮਤ ਅਲੀ ਨਾਂ ਦੇ ਇਕ ਕੈਦੀ ਦੀ ਰਿਹਾਈ ਦਾ ਦਬਾਅ ਬਣਾਉਣ ਲਈ ਅਗਵਾ ਕੀਤਾ ਗਿਆ ਸੀ। ਤੁਰਕੀ ਮੂਲ ਦੇ ਅਲੀ ਨੇ ਸਾਲ 1981 'ਚ ਪੋਪ ਜੋਨ ਪਾਲ ਦਾ ਕਤਲ ਕਰਨ ਦੀ ਕੋਸ਼ਿਸ਼ ਕੀਤੀ ਸੀ।

ਇਮੈਨੂਅਲ ਦੇ ਲਾਪਤਾ ਹੋਣ ਤੋਂ 40 ਦਿਨ ਪਹਿਲਾਂ ਮਿਰੇਲਾ ਵੀ ਗ਼ਾਇਬ ਹੋ ਗਈ ਸੀ। ਉਸ ਦੀ ਮਾਂ ਦਾ ਕਹਿਣਾ ਹੈ ਕਿ ਉਹ ਆਪਣੇ ਦੋਸਤ ਨੂੰ ਮਿਲਣ ਗਈ ਸੀ। ਇਸ ਪਿੱਛੋਂ ਉਹ ਕਦੇ ਨਹੀਂ ਆਈ। ਈਸਾਈਆਂ ਦੇ ਰੋਮਨ ਕੈਥੋਲਿਕ ਚਰਚ ਦਾ ਕੇਂਦਰ ਵੈਟੀਕਨ ਦੁਨੀਆ ਦਾ ਸਭ ਤੋਂ ਛੋਟਾ ਦੇਸ਼ ਹੈ। ਇਸ ਦੀ ਰਾਜਧਾਨੀ ਵੈਟੀਕਨ ਸਿਟੀ ਦਾ ਖੇਤਰਫਲ ਸਿਰਫ਼ 44 ਹੈਕਟੇਅਰ ਤੇ ਆਬਾਦੀ ਲਗਪਗ ਇਕ ਹਜ਼ਾਰ ਹੈ। ਇਹ ਇਟਲੀ ਦੀ ਰਾਜਧਾਨੀ ਰੋਮ ਦੇ ਅੰਦਰ ਸਥਿਤ ਹੈ।

## ਵਿਕਟੋਰੀਆ ਦੀਆਂ ਚੋਣਾਂ ਵਿੱਚ ਪੰਜਾਬੀ ਵੀ ਮੈਦਾਨ ਵਿੱਚ

ਮੈਲਬਰਨ, 31 ਅਕਤੂਬਰ (ਪੋਸਟ ਬਿਊਰੋ)- 24 ਨਵੰਬਰ ਨੂੰ ਹੋ ਰਹੀਆਂ ਇਸ ਰਾਜ ਦੀਆਂ ਚੋਣਾਂ ਲਈ ਸਾਰੀਆਂ ਹੀ ਪਾਰਟੀਆਂ ਪੱਬਾਂ ਭਾਰ ਹੋ ਗਈਆਂ ਹਨ। ਇਸ ਵਾਰ ਇਥੇ ਬਹੁਤ ਸਾਰੇ ਪੰਜਾਬੀ ਲੋਕ ਵੀ ਵੱਖੋ-ਵੱਖਰੇ ਖੇਤਰਾਂ ਤੋਂ ਕਿਸਮਤ ਅਜਮਾ ਰਹੇ ਹਨ। ਕੁਝ ਪਾਰਟੀਆਂ ਵੱਲੋਂ ਕਈ ਉਮੀਦਵਾਰ ਚੋਣ ਲੜ ਰਹੇ ਹਨ ਅਤੇ ਕੁਝ ਆਜ਼ਾਦ ਹਨ।

ਵਿਕਟੋਰੀਆ ਦੀ ਮੌਜੂਦਾ ਸਰਕਾਰ ਦੇ ਪ੍ਰੀਮੀਅਰ ਡੈਨੀਅਲ ਵੱਲੋਂ ਵੋਟਰਾਂ ਨੂੰ ਕਈ ਤਰ੍ਹਾਂ ਦੇ ਮਨ ਲੁਭਾਉਣੇ ਵਾਅਦੇ ਕੀਤੇ ਜਾ ਰਹੇ ਹਨ। ਜੇ ਉਨ੍ਹਾਂ ਦੀ ਸਰਕਾਰ ਫਿਰ ਹੋਂਦ ਵਿੱਚ ਆਉਂਦੀ ਹੈ ਤਾਂ ਉਹ ਪਰਵਾਰਕ ਹਿੰਸਾ, ਮਾਨਸਿਕ ਸਿਹਤ, ਟਰਾਂਸਪੋਰਟ ਆਦਿ ਦੇ ਕਈ ਮੁੱਦਿਆਂ 'ਤੇ ਕੀਤੇ ਕਾਰਜਾਂ ਤੇ ਰਹਿੰਦੀਆਂ ਤਰੁੱਟੀਆਂ ਨੂੰ ਦੂਰ ਕਰਨ ਲਈ ਹੋਰ ਵੀ ਉਪਰਾਲੇ ਕਰੇਗੀ। ਵਿਰੋਧੀ ਧਿਰ ਪਾਰਟੀ ਦੇ ਨੇਤਾ ਵੱਲੋਂ ਲੋਕਾਂ ਨਾਲ ਸਿਹਤ ਸੇਵਾਵਾਂ ਅਤੇ ਹੋਰ ਕਈ ਵਾਅਦੇ ਕੀਤੇ ਗਏ। ਪੰਜਾਬੀ ਉਨ੍ਹਾਂ ਇਲਾਕਿਆਂ ਵਿੱਚ ਜਿਥੇ ਪੰਜਾਬੀਆਂ ਦੀ ਭਾਰੀ ਵਸੋਂ ਹੈ, ਉਥੇ ਚੋਣ ਲੜ ਰਹੇ ਹਨ।

## ਇਟਲੀ ਵਿੱਚ ਤੇਜ਼ ਤੂਫਾਨ ਤੇ ਭਾਰੀ ਮੀਂਹ ਨਾਲ ਛੇ ਦੀ ਮੌਤ, ਇੱਕ ਲਾਪਤਾ



ਰੋਮ, 31 ਅਕਤੂਬਰ (ਪੋਸਟ ਬਿਊਰੋ)- ਇਟਲੀ ਵਿੱਚ ਖਰਾਬ ਮੌਸਮ ਕਾਰਨ ਭਾਰੀ ਮੀਂਹ ਤੇ ਤੇਜ਼ ਤੂਫਾਨ ਕਾਰਨ ਇੱਕ ਔਰਤ ਸਮੇਤ ਛੇ ਜਣਿਆਂ ਦੀ ਮੌਤ ਤੇ ਇੱਕ ਵਿਅਕਤੀ ਦੇ ਲਾਪਤਾ ਹੋਣ ਦਾ ਸਮਾਚਾਰ ਹੈ।

ਬੀਤੇ ਦਿਨਾਂ ਤੋਂ ਇਟਲੀ ਵਿੱਚ ਭਾਰੀ ਮੀਂਹ ਤੇ ਤੇਜ਼ ਤੂਫਾਨ ਨੇ ਇਹੋ ਜਿਹਾ ਕੁਦਰਤੀ ਕਹਿਰ ਕੀਤਾ, ਜਿਸ ਕਾਰਨ ਲੋਕਾਂ ਦਾ ਜਨ ਜੀਵਨ ਪੂਰੀ ਤਰ੍ਹਾਂ ਤਹਿਸ-ਨਹਿਸ ਹੋ ਗਿਆ। ਭਾਰੀ ਮੀਂਹ ਅਤੇ ਤੇਜ਼ ਤੂਫਾਨ ਨੇ ਜਿੱਥੇ ਸੜਕਾਂ ਉਪਰ ਖੜ੍ਹੇ ਵੱਡੇ ਦਰੱਖਤਾਂ ਨੂੰ ਜੜ੍ਹੋਂ ਉਖਾੜ ਦਿੱਤਾ, ਉਥੇ ਖੇਤੀਬਾੜੀ ਇਲਾਕਿਆਂ ਵਿੱਚ ਫਸਲ ਲਈ ਬਣੀਆਂ ਸ਼ੈੱਡਾਂ ਨੂੰ ਵੀ ਪੂਰੀ ਤਰ੍ਹਾਂ ਭੰਨ-ਤੋੜ ਦਿੱਤਾ, ਜਿਸ ਨਾਲ ਕਿ ਕਿਸਾਨਾਂ ਦਾ ਭਾਰੀ ਨੁਕਸਾਨ ਹੋਇਆ। ਇਸ ਤੋਂ ਇਲਾਵਾ ਤੇਜ਼ ਤੂਫਾਨ ਅਤੇ ਭਾਰੀ ਮੀਂਹ ਨੇਲੋਕਾਂ ਦਾ ਵੱਡੇ ਪੱਧਰ 'ਤੇ ਮਾਲੀ ਨੁਕਸਾਨ ਵੀ ਕੀਤਾ। ਤੂਫਾਨ ਕਾਰਨ ਦਰੱਖਤ ਜੜ੍ਹੋਂ ਪੁੱਟੇ ਗਏ ਤੇ ਉਹ ਰਾਹਗੀਰਾਂ ਦੀਆਂ ਕਾਰਾਂ ਉਪਰ ਡਿੱਗ ਪਏ ਤੇ ਛੇ ਜਣਿਆਂ ਦਾ ਕਾਲ ਬਣ ਗਏ। ਪੂਰੀ ਇਟਲੀ ਵਿੱਚ ਇਸ ਕੁਦਰਤ ਦੀ ਕਰੋਪੀ ਨਾਲ ਲੋਕ ਸਹਿਮੇ ਹੋਏ ਹਨ ਤੇ ਸਫਰ ਕਰਨ ਤੋਂ ਕਤਰਾ ਰਹੇ ਹਨ। ਰੋਮ ਦੇ ਕਈ ਇਲਾਕਿਆਂ ਵਿੱਚ ਰੈੱਡ ਅਲਰਟ ਕਰ ਦਿੱਤਾ ਗਿਆ ਹੈ ਤੇ ਸਕੂਲਾਂ ਨੂੰ ਵੀ ਕੁਝ ਦਿਨਾਂ ਲਈ ਬੰਦ ਕਰਨ ਦਾ ਫਰਮਾਨ ਹੈ। ਵਰਨਣ ਯੋਗ ਹੈ ਕਿ ਕਰੀਬ ਤਿੰਨ ਮਹੀਨੇ ਪਹਿਲਾਂ ਹੀ ਇਟਲੀ ਦੀ ਸੁਰੱਖਿਆ ਏਜੰਸੀ ਇਸਪਰਾ ਨੇ ਇਟਲੀ ਵਿੱਚ ਅਜਿਹਾ ਖਰਾਬ ਮੌਸਮ ਆਉਣ ਦਾ ਖੁਲਾਸਾ ਕੀਤਾ ਸੀ।

## ਕੈਲੀਫੋਰਨੀਆ ਵਿੱਚ 800 ਫੁੱਟ ਉਚਾਈ ਤੋਂ ਡਿੱਗਣ ਨਾਲ ਭਾਰਤੀ ਜੋੜੇ ਦੀ ਮੌਤ

ਨਿਊਯਾਰਕ, 31 ਅਕਤੂਬਰ (ਪੋਸਟ ਬਿਊਰੋ)- ਕੈਲੀਫੋਰਨੀਆ ਦੇ ਯੋਜ਼ੇਮਾਈਟ ਨੈਸ਼ਨਲ ਪਾਰਕ ਵਿੱਚ ਇਸ ਹਫਤੇ ਇਕ ਭਾਰਤੀ ਜੋੜੇ ਦੀ 800 ਫੁੱਟ ਉਚੀ ਚੋਟੀ ਤੋਂ ਡਿੱਗ ਕੇ ਮੌਤ ਹੋ ਗਈ। ਇਨ੍ਹਾਂ ਦੀ ਪਛਾਣ ਵਿਸ਼ਨੂੰ ਵਿਸ਼ਵਨਾਥ (29) ਅਤੇ ਉਸ ਦੀ ਪਤਨੀ ਮੀਨਾਕਸ਼ੀ ਮੂਰਤੀ (30) ਵਜੋਂ ਹੋਈ ਹੈ, ਜੋ ਅਮਰੀਕਾ ਵਿੱਚ ਰਹਿੰਦੇ ਸਨ।



ਮ੍ਰਿਤਕ ਭਾਰਤੀ ਜੋੜੇ ਦੀ ਫਾਇਲ ਫੋਟੋ।

'ਸਾਨ ਫਰਾਂਸਿਸਕੋ ਕਰੌਨੀਕਲ' ਅਖਬਾਰ ਦੀ ਰਿਪੋਰਟ ਮੁਤਾਬਕ ਇਹ ਜੋੜਾ ਹਾਲ ਹੀ ਵਿੱਚ ਨਿਊਯਾਰਕ ਤੋਂ ਸੈਨ ਹੋਜ਼ੇ ਤਬਦੀਲ ਹੋਇਆ ਸੀ, ਜਿਥੇ ਵਿਸ਼ਵਨਾਥ ਨੂੰ ਸਿਸਕੋ ਕੰਪਨੀ ਵਿੱਚ ਸਿਸਟਮ ਇੰਜੀਨੀਅਰ ਵਜੋਂ ਨੌਕਰੀ ਮਿਲੀ ਸੀ। ਇਹ ਜੋੜਾ ਦੁਨੀਆ ਭਰ ਵਿੱਚ ਖਤਰਨਾਕ ਥਾਵਾਂ ਦੀ ਸੈਰ ਕਰਦਾ ਰਹਿੰਦਾ ਸੀ ਤੇ ਆਪਣਾ ਇਕ ਬਲੌਗ 'ਹੌਲੀਡੇਅਜ਼ ਐਂਡ ਹੈਪਿਲੀਐਵਰਆਫਟਰਜ਼' ਲਿਖਦੇ ਸਨ। ਬੀਤੇ ਵੀਰਵਾਰ ਇਨ੍ਹਾਂ ਦੀਆਂ ਲਾਸ਼ਾਂ ਟੈਫਟ ਪੁਆਇੰਟ ਹੇਠੋਂ ਰੇਂਜਰਜ਼ ਨੂੰ ਮਿਲੀਆਂ ਸਨ, ਜੋ ਯੋਜ਼ੇਮਾਈਟ ਵੈਲੀ, ਯੋਜ਼ੇਮਾਈਟ ਫਾਲਜ਼ ਅਤੇ ਅਲ ਕੈਪਟੇਨ ਆਉਣ ਵਾਲੇ ਲੋਕਾਂ ਦੀ ਪਸੰਦੀਦਾ ਜਗ੍ਹਾ ਹੈ। ਇਕ ਦਿਨ ਪਹਿਲਾਂ ਕਿਸੇ ਨੇ ਇਹ ਲਾਸ਼ਾਂ ਉਥੇ ਦੇਖੀਆਂ ਸਨ। ਪਾਰਕ ਦੇ ਬੁਲਾਰੇ ਜੇਮੀ ਰਿਚਰਡਜ਼ ਨੇ ਅਖਬਾਰ ਨੂੰ ਦੱਸਿਆ, 'ਸਾਨੂੰ ਅਜੇ ਤੱਕ ਇਹ ਨਹੀਂ ਪਤਾ ਕਿ ਘਟਨਾ ਕਿਵੇਂ ਵਾਪਰੀ। ਸ਼ਾਇਦ ਸਾਨੂੰ ਇਸ ਤ੍ਰਾਸਦਿਕ ਘਟਨਾ ਦਾ ਸਾਰਾ ਵੇਰਵਾ ਕਦੇ ਵੀ ਪਤਾ ਨਾ ਚੱਲ ਸਕੇ।' ਰਿਚਰਡਜ਼ ਨੇ ਦੱਸਿਆ ਕਿ ਇਸ ਸਾਲ ਅੱਜ ਤੱਕ ਪਾਰਕ ਵਿੱਚ ਦਸ ਜਣਿਆਂ ਦੀ ਡਿੱਗ ਕੇ ਮੌਤ ਹੋ ਚੁੱਕੀ ਹੈ। ਇਹ ਬਹੁਤ ਰਮਣੀਕ ਤੇ ਜੰਗਲੀ ਜਗ੍ਹਾ ਹੈ। ਜੇ ਤੁਸੀਂ ਇਥੇ ਧਿਆਨ ਨਾਲ ਕਦਮ ਨਾ ਰੱਖੋ ਤਾਂ ਤੁਹਾਨੂੰ ਡਿੱਗਦਿਆਂ ਦੇਰ ਨਹੀਂ ਲੱਗਦੀ। ਇਸ ਤੋਂ ਪਹਿਲਾਂ ਨੈਸ਼ਨਲ ਪਾਰਕ ਸਰਵਿਸ ਨੇ ਆਪਣੇ ਇਕ ਬਿਆਨ ਵਿੱਚ ਦੱਸਿਆ ਕਿ ਦੋਵਾਂ ਦੀ ਮੌਤ ਟੈਫਟ ਪੁਆਇੰਟ ਤੋਂ ਡਿੱਗਣ ਕਾਰਨ ਹੋਈ ਹੈ ਤੇ ਉਹ ਕਰੀਬ 800 ਫੁੱਟ ਦੀ ਉਚਾਈ ਤੋਂ ਡਿੱਗੇ ਸਨ।

# ਰਾਸ਼ਟਰਪਤੀ ਟਰੰਪ ਦੇ ਖਿਲਾਫ ਲੋਕਾਂ ਨੂੰ ਗੁੰਮਰਾਹ ਕਰਨ ਦਾ ਕੇਸ ਦਰਜ

ਨਿਊ ਯਾਰਕ, 31 ਅਕਤੂਬਰ (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਖਿਲਾਫ ਨਿਵੇਸ਼ਕਾਂ ਨੂੰ ਗੁੰਮਰਾਹ ਕਰਨ ਦਾ ਕੇਸ ਦਰਜ ਕੀਤਾ ਗਿਆ ਹੈ। ਉਨ੍ਹਾਂ ਨੇ ਜਿਸ ਬਹੁ-ਪੱਧਰੀ ਮਾਰਕੀਟਿੰਗ ਕੰਪਨੀ ਦਾ ਭਾਸ਼ਣਾਂ ਅਤੇ 'ਦੀ ਸੈਲੇਬ੍ਰਿਟੀ ਅਪ੍ਰੇਂਟਿਸ' ਵਿੱਚ ਪ੍ਰਚਾਰ ਕੀਤਾ ਉਸ ਕੰਪਨੀ ਵਿੱਚ ਕਈ ਲੋਕਾਂ ਦਾ ਪੈਸਾ ਡੁੱਬ ਗਿਆ ਹੈ।

ਮੈਨਹਟਨ ਦੀ ਫੈਡਰਲ ਅਦਾਲਤ ਵਿੱਚ ਦਾਇਰ ਮਾਮਲੇ ਵਿੱਚ ਦੋਸ਼ ਲਾਇਆ ਗਿਆ ਹੈ ਕਿ ਟਰੰਪ ਨੇ ਏ ਸੀ ਐੱਨ ਕੰਪਨੀ ਦੇ ਟੈਲੀਫੋਨ ਲਈ ਸੇਲਸ ਦੇ ਸੰਭਾਵਤ ਲੋਕਾਂ ਨੂੰ ਭਰੋਸਾ ਦੇ ਕੇ ਲੱਖਾਂ ਡਾਲਰ ਦੀ ਕਮਾਈ ਕੀਤੀ ਸੀ। ਉਨ੍ਹਾਂ ਕਿਹਾ ਸੀ ਕਿ ਜੇ ਉਹ ਕੰਪਨੀ ਦੀ ਫੀਸ ਅਦਾ ਕਰਨਗੇ ਅਤੇ ਦੂਸਰੇ ਲੋਕ ਇਸ ਦੀ ਫੋਨ ਸੇਵਾ ਦੀ ਵਿਕਰੀ ਸ਼ੁਰੂ ਕਰਨ 'ਤੇ ਖਰਚ ਕਰਨਗੇ ਤਾਂ ਇਸ ਵਿੱਚ ਖਤਰਾ ਨਾ ਦੇ ਬਰਾਬਰ ਹੈ। ਦਾਇਰ ਕੇਸ ਵਿੱਚ ਕਿਹਾ ਗਿਆ ਹੈ ਕਿ ਟਰੰਪ ਦਾ ਇਹ ਭਰੋਸਾ ਝੂਠਾ ਸੀ। ਉਹ ਜਾਣਦੇ ਸਨ ਕਿ ਉਨ੍ਹਾਂ ਲੋਕਾਂ ਦੀ ਫੀਸ ਦੀ ਘਾਟ ਪੂਰੀ ਹੋਣ ਦੀ ਆਸ ਘੱਟ ਹੈ। ਇਹ ਕੇਸ ਸੇਲਜ਼ ਦੇ ਚਾਰ ਲੋਕਾਂ ਨੇ ਦਾਇਰ ਕੀਤਾ ਹੈ। ਟਰੰਪ ਨੇ ਆਰਥਿਕ ਰੂਪ ਤੋਂ ਪਿਛੜੇ ਅਤੇ ਵਾਂਝੇ ਰਹਿ ਗਏ ਵਰਗ ਦੇ ਲੋਕਾਂ ਦੇ ਨਾਲ ਧੋਖਾ ਕੀਤਾ ਹੈ। ਉਹ ਲੋਕ ਜੋ ਆਪਣੀ ਸਿਖਿਆ ਵਿੱਚ ਨਿਵੇਸ਼ ਕਰਨ ਦੀ ਸੋਚ ਰਹੇ ਸਨ, ਆਪਣਾ ਛੋਟਾ-ਮੋਟਾ ਕਾਰੋਬਾਰ ਸ਼ੁਰੂ ਕਰਨ ਦੀ ਸੋਚ ਰਹੇ ਸਨ ਅਤੇ ਆਪਣੇ ਅਮਰੀਕੀ ਸੁਫਨਿਆਂ ਨੂੰ ਪੂਰਾ ਕਰਨ ਦੀ ਸੋਚ ਰਹੇ ਸਨ, ਠੱਗੇ ਗਏ। ਇਸ ਕੇਸ ਵਿੱਚ ਟਰੰਪ ਆਰਗੇਨਾਈਜ਼ੇਸ਼ਨ ਦੀ ਟਰੰਪ ਕੰਪਨੀ ਦਾ ਵੀ ਨਾਂਅ ਹੈ। ਇਸ ਦੇ ਬਿਨਾ ਰਾਸ਼ਟਰਪਤੀ ਦੇ ਤਿੰਨ ਵੱਡੇ ਬੱਚਿਆਂ ਨੂੰ ਵੀ ਧਿਰ ਬਣਾਇਆ ਗਿਆ ਹੈ। ਇਸ ਬਾਰੇ ਵਿੱਚ ਟਰੰਪ ਆਰਗੇਨਾਈਜ਼ੇਸ਼ਨ ਵੱਲੋਂ ਕੋਈ ਟਿੱਪਣੀ ਨਹੀਂ ਕੀਤੀ ਗਈ, ਪਰ ਟਰੰਪ ਆਰਗੇਨਾਈਜੇਸ਼ਨ ਦੇ ਵਕੀਲ ਏਲਨ ਗਾਰਟਨ ਨੇ ਨਿਊ ਯਾਰਕ ਟਾਈਮਜ਼ ਨੂੰ ਦੱਸਿਆ ਕਿ ਉਹ ਦੋਸ਼ ਬੇਬੁਨਿਆਦ ਹਨ ਅਤੇ ਸਿਆਸਤ ਤੋਂ ਪ੍ਰੇਰਿਤ ਹਨ। ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇੱਕ ਅਪੀਲ ਕੋਰਟ ਵਿੱਚ ਖਾਲੀ ਹੋਈ ਸੀਟ 'ਤੇ ਨਿਯੁਕਤੀ ਲਈ ਭਾਰਤੀ ਮੂਲ ਦੀ ਨਿਯੋਮੀ ਜਹਾਂਗੀਰ ਰਾਓ ਦਾ ਇੰਟਰਵਿਊ ਲਿਆ ਹੈ। ਇਹ ਸੀਟ ਅਪੀਲ ਕੋਰਟ ਦੇ ਜੱਜ ਬ੍ਰੇਟ ਕੈਵਨਾਧ ਦੀ ਸੁਪਰੀਮ ਕੋਰਟ ਵਿੱਚ ਨਿਯੁਕਤੀ ਪਿੱਛੋਂ ਖਾਲੀ ਹੋਈ ਹੈ। ਅਮਰੀਕੀ ਮੀਡੀਆ ਦੇ ਅਨੁਸਾਰ ਵ੍ਹਾਈਟ ਹਾਊਸ ਦੇ ਸਾਬਕਾ ਵਕੀਲ ਡਾਨ ਮੈਕਗਹਨ ਨੇ 45 ਸਾਲਾ ਰਾਓ ਨੂੰ ਵਾਸ਼ਿੰਗਟਨ ਡੀ ਸੀ ਦੇ ਸਰਕਿਟ ਕੋਰਟ ਵਿੱਚ ਜੱਜ ਬਣਾਏ ਜਾਣ ਦੀ ਸਿਫਾਰਸ਼ ਕੀਤੀ ਹੈ।

Honesty, Reliability, Commitment
HomeLife SilverCity
"Open House Until Sold"
○ 1 yr Home Warranty ○ Appliances & Furniture
○ 40% Discount on Brand Name ○ Free Evaluation & Lowest Commission
Hira Randhawa
Broker
www.hirarandhawa.com | hirarandhawa@yahoo.ca
For all your Real Estate needs: 416.319.0551 or 905.913.8585
$739,900 Morning Star/Airport
Great Opportunity For 1st Time Buyers. Newly Renovated W/Granite Counter Top, S/S Appliances, Range Hood, No Carpet In The House, Close To School, 421/401, Westwood Mall, 2 Basement Apartment. Potential Income Of $1800/Month From Bsmnt.
$619,000 Wanless & Mclaughlin
Just One And Half Year New, 3 Bedroom Semi-Detached Home In Great Location With Double Door Entry. Modern Kitchen With SS Appliances, Family Room With W/O Balcony, Upgraded Bathroom Cabinets. Close To All Amenities
$615,000 Hwy 10/ Sandalwood
A Detach Family Home Located In Desirable Neighbourhood Of Loafer Lake. This Home Offers 4 Generous Size Bedrooms,3 Washrooms, Finished Bsmnt With 2 More Bedroom, Hardwood Floors, Close To All Amenities.
$699,900 Chinguacousy/Queen
Magnificent Beauty Has Plenty To Offer Located In A Very Demanding Area. Double Door Main Entry, Separate Living Room, Separate Family Room, Beautiful Kitchen And Bedroom With 9' Feet Ceiling, Master Br Has 5Pc...
Supervisa, Travel Insurance Call: 416.319.0551

## ਮਾਲਦੀਵ ਦੇ ਸਾਬਕਾ ਰਾਸ਼ਟਰਪਤੀ ਨਾਸ਼ੀਦ ਦੀ ਸਜ਼ਾ ਸਸਪੈਂਡ

ਮਾਲੇ, 31 ਅਕਤੂਬਰ (ਪੋਸਟ ਬਿਊਰੋ)- ਮਾਲਦੀਵ ਦੇ ਸੁਪਰੀਮ ਕੋਰਟ ਨੇ ਸਾਬਕਾ ਰਾਸ਼ਟਰਪਤੀ ਮੁਹੰਮਦ ਨਸ਼ੀਦ ਦੀ 13 ਸਾਲ ਦੀ ਕੈਦ ਦੀ ਸਜ਼ਾ ਸਸਪੈਂਡ ਕਰ ਦਿੱਤੀ ਹੈ। ਇਹ ਸਜ਼ਾ ਉਦੋਂ ਤੱਕ ਲਈ ਮੁਲਤਵੀ ਹੈ ਜਦੋਂ ਤੱਕ ਕਿ ਸਰਕਾਰੀ ਵਕੀਲ ਦੀ ਅਪੀਲ 'ਤੇ ਉਨ੍ਹਾਂ ਦੇ ਦੋਸ਼ਾਂ ਦੀ ਸਮੀਖਿਆ ਨਹੀਂ ਹੋ ਜਾਂਦੀ।

